www.nikkiankarumblan.com ਨਿੱਕੀਆਂ ਕਰੂੰਬਲਾਂ facebook.com/nikkiankarumblan

ਦੇਸ਼-ਵਿਦੇਸ਼ ਵਿੱਚ ਸਭ ਤੋਂ ਵੱਧ ਪੜ੍ਹਿਆ ਜਾਣ ਵਾਲ਼ਾ ਬਾਲ ਰਸਾਲਾ

Punjabi Magazine For Children ਸਾਲ 25ਵਾਂ NIKKIAN KARUMBLAN

ਨਿੱਕੀਆਂ ਕਰੂੰਬਲਾਂ

ਮਈ-ਜੂਨ 2020

JOIN CHANNEL
t.me/PunjabiNewspaper
CLICK THIS STAMP

ਚਿੱਤਰਕਥਾ

ਕਥਾ:- ਬਲਜਿੰਦਰ ਮਾਨ
9815018947

ਖੇਡਾਂ ਮਿੰਕੂ ਤੇ ਚਿੰਟੂ ਦੀਆਂ

ਚਿੱਤਰ:- ਸੁਖਮਨ ਸਿੰਘ
8727071751

ਮਿੰਕੂ ਅਤੇ ਚਿੰਕੂ ਦੋਵੇ ਭਰਾ ਬੜੇ ਚੰਚਲ ਸੁਭਾਅ ਦੇ ਹਨ।ਉਹ ਹਰ ਪਲ ਕੁਝ ਨਾ ਕੁਝ ਕਰਨ ਵਿਚ ਹੀ ਜੁਟੇ ਰਹਿੰਦੇ ਹਨ। ਉਹ ਬਾਹਰ ਖੇਡਣ ਜਾਣ ਦੀ ਜ਼ਿਦ ਕਰ ਰਹੇ ਹਨ। ਪੂਰੇ ਦੇਸ਼ ਵਿਚ ਲੌਕਡਾਊਨ ਹੋਣ ਕਾਰਨ ਸਾਰੇ ਲੋਕ ਆਪੇ ਆਪਣੇ ਘਰਾਂ ਅੰਦਰ ਦਿਨ ਲੰਘਾ ਰਹੇ ਨੇ। ਉਹ ਦੋਨੋ ਆਪਣੀ ਮੰਮੀ ਨੂੰ ਆਖਦੇ ਨੇ-


ਮੰਮੀ ਅਸੀਂ ਬਾਹਰ ਕਿਉਂ ਨਹੀਂ ਜਾ ਸਕਦੇ ?
ਬੇਟੇ ਦੇਖੋ ਪੂਰੇ ਦੇਸ਼ ਵਿਚ ਲੌਕਡਾਊਨ ਹੈ ਭਾਵ ਸਾਰੇ ਜੰਦਰੇ ਅੰਦਰ ਹਨ ਤੇ ਸਾਰੇ ਕੰਮ ਕਾਰ ਬੰਦ ਨੇ।
ਫਿਰ ਅਸੀ ਘਰ ਵਿਚ ਕੈਦੀ ਬਣ ਗਏ। ਸਾਡੇ ਮੌਲਿਕ ਅਧਿਕਾਰ ਕਿੱਥੇ ਗਏ। ਸਾਡੇ ਸੰਵਿਧਾਨਕ ਹੱਕ ਕਿੱਥੇ ਗਏ।
ਉਹ ਉਸੀ ਦੇਣੀ ਆਖਦੇ ਨੇ ਜਿਦੇ ਮਜ਼ਾਫਿਕਾਰੀ ਆਖਦੇ ਹੋਣ।
ਬੇਟੇ ਦੇਸ਼ ਵਿਚ ਜਦੋ ਐਮਰਜੈਂਸੀ ਲੱਗ ਜਾਵੇ ਫਿਰ ਨਾਗਰਿਕਾਂ ਦੇ ਸਾਰੇ ਹੱਕ ਕੁਝ ਸਮੇ ਲਈ ਰੱਦ ਕਰ ਦਿੱਤੇ ਜਾਂਦੇ ਨੇ। ਇਹ ਸਭ ਸਾਡੇ ਭਲੇ ਵਾਸਤੇ ਹੀ ਕੀਤਾ ਜਾ ਰਿਹੈ।
ਸਾਨੂੰ ਅੰਦਰ ਬੰਦ ਕਰਕੇ ਸਾਡਾ ਭਲਾ ਕਿਵੇਂ ਹੋ ਗਿਆ, ਇਹ ਤਾਂ ਸਜ਼ਾ ਹੈ ਮੰਮੀ ਜੀ।
ਨਹੀ ਬੇਟੇ ਇਹ ਸਜ਼ਾ ਨਹੀ ਸਗੋ ਸੁਰੱਖਿਆ ਹੈ। ਜਿਸ ਬਿਮਾਰੀ ਨੇ ਪੂਰੀ ਦੁਨੀਆਂ ਨੂੰ ਲਪੇਟ ਵਿਚ ਲਿਆ ਹੋਇਆ ਉਸਦਾ ਕੋਈ ਇਲਾਜ ਨਹੀ ਹੈ। ਇਸ ਕਰਕੇ ਘਰ ਵਿਚ ਰਹਿ ਕੇ ਦੂਜਿਆਂ ਦੇ ਸੰਪਰਕ ਵਿਚ ਨਾ ਆ ਕੇ ਹੀ ਬਚਿਆ ਜਾ ਸਕਦੈ।
ਹੈਂਅ ਕੋਈ ਇਲਾਜ ਨਹੀ। ਇਹ ਕਿਹੜੀ ਬਿਮਾਰੀ ਆ ਗਈ ਜਿਸਦਾ ਕੋਈ ਇਲਾਜ ਨੀ ਹੈਗਾ। ਤੇ ਛੂਹਣ ਨਾਲ ਫੈਲਦੀ ਜਾਂਦੀ
ਹਾਂ ਬੇਟੇ ਇਸਦਾ ਨਾਂ ਨੋਵਲ ਕਰੋਨਾ ਵਾਇਰਸ ਹੈ ਜਿਹੜਾ ਚੀਨ ਤੇ ਆਇਆ ਦੱਸਿਆ ਜਾਂਦੇ ਇਸ ਕਰਕੇ ਸਾਨੂੰ ਸਫਾਈ ਦਾ ਖਾਸ ਖਿਆਲ ਰੱਖਣਾ ਚਾਹੀਦਾ।
ਅਸੀ ਤਾਂ ਸਫ਼ਾਈ ਬਹੁਤ ਰੱਖਦੇ ਹਾਂ। ਸਾਫ ਕੱਪੜੇ ਪਾਉਂਦੇ ਹਾਂ। ਅੰਦਰ ਬਾਹਰ ਵੀ ਸਾਫ ਰੱਖਦੇ ਹਾਂ।
ਇਹ ਤਾਂ ਬਹੁਤ ਚੰਗੀ ਗੱਲ ਆ। ਪਰ ਇਸਤੋਂ ਬਚਾਅ ਵਾਸਤੇ ਕਿਸੇ ਨਾਲ ਹੱਥ ਨੀ ਮਿਲਾਉਣਾ। ਹੱਥਾਂ ਨੂੰ ਬਾਰ ਬਾਰ ਸਾਬਣ ਨਾਲ ਚੰਗੇ ਢੰਗ ਨਾਲ ਧੋਣਾ ਅਤੇ ਆਪਣੀ ਸਿਹਤ ਨੂੰ ਤਕੜੇ ਰੱਖਣ ਨਾਲ ਹੀ ਬਚਾਅ ਹੋ ਸਕਦੈ।
ਮੰਮੀ ਜੀ ਇਹ ਤਾਂ ਤੁਸੀ ਪਤੇ ਦੀ ਗੱਲ ਦੱਸੀ।ਅਸੀ ਤਾਂ ਪੁਲੀਸ ਨੂੰ ਐਵੇਂ ਬੁਰਾ ਆਖਦੇ ਰਹੇ।
ਹਾਂ ਬੇਟੇ ਇਹ ਡਾਕਟਰ, ਪੁਲੀਸ, ਸਫ਼ਾਈ ਕਰਮਚਾਰੀ ਅਤੇ ਸਮਾਜ ਸੇਵਕ ਸਾਡੀ ਖਾਤਰ ਹੀ ਸਭ ਸੇਵਾਵਾਂ ਨਿਭਾਅ ਰਹੇ ਨੇ ਤਾਂ ਕਿ ਅਸੀ ਸਾਰੇ ਸੁਰੱਖਿਅਤ ਰਹਿ ਸਕੀਏ।
ਮੰਮੀ ਜੀ ਅਸੀ ਡਾਕਟਰਾਂ,ਪ੍ਰੈਸ, ਪੁਲੀਸ ਵਾਲਿਆਂ ਤੇ ਸਭ ਸੇਵਕਾਂ ਨੂੰ ਸੈਲੂਟ ਕਰਦੇ ਹਾਂ
ਹਾਂ ਬੇਟੇ ਇਹ ਫਰਜ਼ ਸਾਡਾ ਸਭ ਨਾਗਰਿਕਾਂ ਦਾ ਹੈ।
ਮੰਮੀ ਜੀ ਦੂਰ ਰਹਿਣ ਵਾਲੀ ਗਲ ਤਾਂ ਸਮਝ ਆ ਗਈ ਪਰ ਹੱਥ ਧੋਣ ਦਾ ਕੀ ਲਾਭ ਹੈ।
ਬੇਟੇ ਜੇਕਰ ਇਕ ਵਾਇਰਸ ਤੁਹਾਡੇ ਹੱਥਾ ਨੂੰ ਲੱਗਾ ਹੋਵੇਗਾ ਤਾਂ ਵੀਹ ਤੀਹ ਸੈਕਿੰਡ ਸਾਬਣ ਮਲਣ ਨਾਲ ਜਾਂ ਸੈਨੇਟਾਈਜ਼ਰ ਨਾਲ ਖਤਮ ਹੋ ਜਾਂਦਾ ਹੈ। ਖੰਘ ਜ਼ੁਕਾਮ ਵਾਲਿਆਂ ਤੋਂ ਖਾਸ ਦੂਰੀ ਦੀ ਜਰੂਰਤ ਹੈ
ਹਾਂ ਮੰਮੀ ਜੀ ਅਸੀ ਨੀ ਇਹ ਗੱਲਕਦੀ ਵੀ ਭੁਲਦੇ। ਸਾਰੇ ਦੋਸਤਾਂ ਨੂੰ ਮੈਸੇਜ਼ ਕਰਕੇ ਦੱਸਾਂਗੇ ਕਿ ਸਰੀਰਕ ਦੂਰੀ,ਹੱਥ ਮਲ ਮਲ ਧੋਵੇ,ਮਾਸਕ ਲਗਾਓ,ਭੀੜ ਭੜੱਕੇ ਵਾਲੀਆਂ ਥਾਵਾਂ ਤੇ ਜਾਣ ਤੋਂ ਗੁਰੇਜ਼ ਕਰੋ।
ਸ਼ਾਬਾਸ਼ੇ ਬੇਟੇ।ਇਕ ਗੱਲਹੋਰ ਯਾਦ ਰੱਖਿਓ। ਇਸ ਬਿਮਾਰੀ ਤੋਂ ਡਰਨਾ ਨਹੀ ਸਗੋਂ ਸਾਵਧਾਨੀ ਨਾਲ ਲੜਨਾ ਹੈ ਹੌਂਸਲੇ ਨੂੰ ਸਦਾ ਕਾਇਮ ਰੱਖਣਾ ਹੈ। ਇਸ ਕਰਕੇ ਤੁਸੀ ਸਦਾ ਖੁਸ਼ ਤੇ ਤੰਦਰੁਸਤ ਰਹੋਗੇ। ਹੁਣ ਤੁਸੀ ਸਭ ਖੇਡਾਂ ਅੰਦਰ ਬੈਠ ਕੇ ਹੀ ਖੇਡੋ।

ਕਮਲਜੀਤ ਨੀਲੋਂ ਦੁਆਰਾ ਸਿਰਜੇ ਕੋਰੋਨਾ ਚਿੱਤਰ

+2 ਤੱਕ ਦੇ ਵਿਦਿਆਰਥੀ ਇਹਨਾਂ ਚਿੱਤਰਾਂ ਵਿੱਚ ਛੁਪੀਆਂ ਕਹਾਣੀਆਂ ਲੱਭ ਕੇ ਸੰਪਾਦਕ ਨੂੰ 30 ਜੁਲਾਈ 2020 ਤਕ ਸੁੰਦਰ ਲਿਖਾਈ ਜਾਂ Anmollipi ਵਿੱਚ ਟਾਈਪ ਕਰਕੇ ਭੇਜਣ। ਵਧੀਆ ਕਹਾਣੀਆਂ ਨੂੰ ਇਨਾਮ ਦਿੱਤੇ ਜਾਣ ਤੋਂ ਇਲਾਵਾ ਰਸਾਲੇ ਵਿੱਚ ਪ੍ਰਕਾਸ਼ਿਤ ਵੀ ਕੀਤਾ ਜਾਵੇਗਾ ।

ਬਾਲ ਪੁਸਤਕਾਂ ਦੇ ਰੌਚਕ ਸੰਸਾਰ ਨਾਲ ਸਾਂਝ ਪਾਓ

ਪੁਸਤਕਾਂ ਪ੍ਰਾਪਤ ਕਰਨ ਲਈ ਪਤਾ :

ਜਨਰਲ ਮੈਨੇਜਰ ਨਿੱਕੀਆਂ ਕਰੂੰਬਲਾਂ

ਕਰੂੰਬਲਾਂ ਭਵਨ, ਗੜ੍ਹਸ਼ੰਕਰ ਰੋਡ, ਮਾਹਿਲਪੁਰ (ਹੁਸ਼ਿਆਰਪੁਰ) ਮੋਬਾਇਲ : 98150-18947

ਮਈ-ਜੂਨ 2020 Registered with the registrar of newspaper for India under R.N.I. 02902-96/PB-1145

ਬਲਜਿੰਦਰ ਮਾਨ ਦੇ ਰੌਚਕ ਨਰਸਰੀ ਗੀਤਾਂ ਦੀ ਬਾਲ ਪਾਠਕਾਂ ਲਈ

ਬਹੁਰੰਗੀ ਸਚਿੱਤਰ ਪੁਸਤਕ

ਚੰਦ ਤੱਕ ਉਡਾਰੀ

ਮੁੱਲ 125/-

ਪੁਸਤਕ ਪ੍ਰਾਪਤ ਕਰਨ ਲਈ ਸੰਪਰਕ ਕਰੋ

ਪ੍ਰਕਾਸ਼ਕ
ਸੰਗਮ ਪਬਲੀਕੇਸ਼ਨਜ਼ ਸਮਾਣਾ (ਪਟਿਆਲਾ)
ਮੋਬਾਇਲ:99151-03490,98152-43917

ਜਨਰਲ ਮੈਨੇਜਰ
ਨਿੱਕੀਆਂ ਕਰੂੰਬਲਾਂ
ਮਾਹਿਲਪੁਰ (ਹੁਸ਼ਿਆਰਪੁਰ)
98150-18947

ਵਾਜ਼ਬ ਕੀਮਤ ਤੇ ਰੰਗਦਾਰ ਅਤੇ ਰੌਚਕ ਪੁਸਤਕਾਂ ਦੇ ਪ੍ਰਕਾਸ਼ਨ ਲਈ ਸੰਪਰਕ ਕਰੋ।

SHRI DASMESH ACADEMY

SCHOOLING & COACHING INSTITUTE

FREE DEMO CLASSES

ADMISSIONS OPEN

ONLINE LIVE CLASSES STUDY FROM ANYWHERE NOW

OUR COURSES

ONE OF THE BEST INSTITUTE

Foundation Courses
8th | 9th | 10th

Regular Courses
10+1 | 10+2

Competitive Courses
IIT- JEE | NEET

Schooling Both
CBSE & PSEB

Medical | Non Medical | Commerce

Hoshiarpur 82848-86187 | Mahilpur 83603-71253

If undelivered please return to :

THE EDITOR
NIKKIAN KARUMBLAN
Karumblan Bhawan
Garshankar Road, MAHILPUR
Distt. Hoshiarpur, Punjab 146105 India
e-mail : karumblan1995@gmail.com
nikkiankarumblan@rediffmail.com
Mobile : 98150-18947 Phone : 01884-252047

To

Printed Matter

R.N.I. PUN-PUN 02902-96/PB-1145
ਸੁਰ ਸੰਗਮ ਵਿਦਿਅਕ ਟਰੱਸਟ ਮਾਹਿਲਪੁਰ

ਨਿੱਕੀਆਂ ਕਰੂੰਬਲਾਂ

ਦੋ ਮਾਸਿਕ

ਮਨਜੀਤ ਕੌਰ
ਪ੍ਰਬੰਧਕੀ ਸੰਪਾਦਕਾ

ਬਲਜਿੰਦਰ ਮਾਨ
ਆਨਰੇਰੀ ਸੰਪਾਦਕ

MANJIT KAUR
Managing Editor

BALJINDER MANN
Honorary Editor

TANVIR MANN
Gen. Manager

ਤਨਵੀਰ ਮਾਨ
ਜਨਰਲ ਮੈਨੇਜਰ

ਫੋਨ : 98150-18947, 01884-296006 (ਘਰ)

ਪ੍ਰੋ: ਬਲਦੇਵ ਸਿੰਘ ਬੱਲੀ
ਮੁੱਖ ਸਲਾਹਕਾਰ

ਐਸ. ਅਸ਼ੋਕ ਭੌਰਾ
ਸਲਾਹਕਾਰ

ਪ੍ਰੋ: ਸੁਰਿੰਦਰ ਸਿੰਘ ਸੈਣੀ
ਸਲਾਹਕਾਰ

ਬੱਗਾ ਸਿੰਘ ਆਰਟਿਸਟ
ਸਲਾਹਕਾਰ

ਬਲਵੀਰ ਸਿੰਘ ਐਡਵੋਕੇਟ
ਐਡੀਸ਼ਨਲ ਐਡਵੋਕੇਟ ਜਨਰਲ ਪੰਜਾਬ
ਕਾਨੂੰਨੀ ਸਲਾਹਕਾਰ

ਕਮਲਜੀਤ ਨੀਲੋਂ
ਚਿੱਤਰਕਾਰ

ਕੁਲਵਿੰਦਰ ਕੌਰ ਰੂਹਾਨੀ
ਚਿੱਤਰਕਾਰ

ਚੰਦਾ/ਸਹਿਯੋਗ ਤੇ ਰਚਨਾਵਾਂ ਭੇਜਣ ਲਈ ਪਤਾ :

ਸੰਪਾਦਕ-ਨਿੱਕੀਆਂ ਕਰੂੰਬਲਾਂ
ਕਰੂੰਬਲਾਂ ਭਵਨ, ਗੜ੍ਹਸ਼ੰਕਰ ਰੋਡ, ਮਾਹਿਲਪੁਰ
ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ-146105 ਭਾਰਤ

Editor : NIKKIAN KARUMBLAN
Karumblan Bhawan, Garhshankar Road, Mahilpur,
Distt. Hoshiarpur, Punjab-146105-INDIA
Mobile : 98150-18947, 78149-79742
E-mail : karumblan1995@gmail.com, nikkiankarumblan@rediffmail.com

ਚੰਦਾ ਸਹਿਯੋਗ ਕੇਵਲ ਮਨੀਆਰਡਰ ਰਾਹੀਂ ਭੇਜਿਆ ਜਾਵੇ ਇਸ਼ਤਿਹਾਰਾਂ ਲਈ ਭੇਜੇ ਜਾਣ ਵਾਲੇ ਚੈੱਕ/ਡਰਾਫਟ, ਤੇ ''ਐਡੀਟਰ'' ਨਿੱਕੀਆਂ ਕਰੂੰਬਲਾਂ ਮਾਹਿਲਪੁਰ ਲਿਖੋ।

ਇੱਕ ਕਾਪੀ 40 ਰੁਪਏ

ਚੰਦਾ/ਸਹਿਯੋਗ 1 ਸਾਲ	300 ਰੁਪਏ
ਚੰਦਾ/ਸਹਿਯੋਗ 1 ਸਾਲ	500 ਰੁਪਏ
ਸਹਿਯੋਗੀ ਮੈਂਬਰ (ਭਾਰਤ)	5000 ਰੁਪਏ
ਸਹਿਯੋਗੀ (ਵਿਦੇਸ਼)	10000 ਰੁਪਏ

ਰਸਾਲੇ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰਾਂ ਨਾਲ ਸੰਪਾਦਕ/ਟਰੱਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਰਚਨਾਵਾਂ ਵਿੱਚ ਕਾਂਟ ਛਾਂਟ ਕਰਨ ਦਾ ਸੰਪਾਦਕ ਨੂੰ ਪੂਰਾ ਹੱਕ ਹੈ। ਰਸਾਲੇ ਦੇ ਸਾਰੇ ਪ੍ਰਤੀਨਿਧ ਆਨਰੇਰੀ ਹੈ। ਕੇਵਲ ਮੌਲਿਕ ਤੇ ਅਣਛਪੀ ਰਚਨਾ ਭੇਜੀ ਜਾਵੇ। ਇਸ਼ਤਿਹਾਰਾਂ ਸਬੰਧੀ ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੈ। ਕਾਨੂੰਨੀ ਕਾਰਵਾਈ ਸਿਰਫ ਹੁਸ਼ਿਆਰਪੁਰ ਵਿੱਚ ਕੀਤੀ ਜਾ ਸਕਦੀ ਹੈ।

ਸੰਪਾਦਕ ਤੇ ਪ੍ਰਕਾਸ਼ਕ ਬਲਜਿੰਦਰ ਮਾਨ ਨੇ ਆਈਕੋਨ ਪ੍ਰਿੰਟਰਜ਼, ਲੁਧਿਆਣਾ ਤੋਂ ਛਪਵਾ ਕੇ ਕਰੂੰਬਲਾਂ ਭਵਨ ਮਾਹਿਲਪੁਰ (ਹੁਸ਼ਿਆਰਪੁਰ) ਤੋਂ ਸੁਰ ਸੰਗਮ ਵਿਦਿਅਕ ਟਰੱਸਟ ਲਈ ਜਾਰੀ ਕੀਤਾ।

ਮਈ-ਜੂਨ 2020 ਅੰਕ-140 ਸਾਲ 25ਵਾਂ

ਚਿੱਤਰਕਥਾ

ਹੁੰਗਾਰਾ 2

ਸੰਪਾਦਕੀ 3

ਬਾਲ ਵਰੇਸ ਨੂੰ ਸੰਭਾਲਣ ਦੀ ਲੋੜ ਹੈ - ਬਲਜਿੰਦਰ ਮਾਨ

ਕਾਵਿ ਵੰਨਗੀ 4-15

ਹਰਮੇਸ਼ ਕੌਰ ਯੋਧੇ, ਰਵਨੀਤ ਕੌਰ ਢੀਂਡਸਾ, ਬਲਜਿੰਦਰ ਮਾਨ, ਸੁੰਦਰ ਲਾਲ ਪ੍ਰੇਮੀ, ਪਰਮਜੀਤ ਸਿੰਘ ਮਿੰਟੂ, ਰਘੁਵੀਰ ਸਿੰਘ ਕਲੇਆ, ਉਮਾ ਕਮਲ, ਜਗਦੀਸ਼ ਬਹਾਦਰਪੁਰੀ, ਕੁਲਵਿੰਦਰ ਕੌਰ ਨੰਗਲ, ਗੁਰਪ੍ਰੀਤ ਕੌਰ ਧਾਲੀਵਾਲ, ਕਰਨਪ੍ਰੀਤ, ਰਾਜਿੰਦਰ ਵਰਮਾ, ਰਾਕੇਸ਼ ਕੁਮਾਰ, ਬਹਾਦਰ ਸਿੰਘ ਗੋਸਲ, ਸੁਰਜੀਤ ਸਿੰਘ 'ਬਲਾੜੀ ਕਲਾਂ', ਪੰਮੀ ਖੁਸ਼ਹਾਲਪੁਰੀ, ਅੰਗਦਪ੍ਰੀਤ ਸਿੰਘ ਮਾਨੂੰਪੁਰੀ, ਸੁਖਵੀਰ ਸਿੰਘ, ਜਗਦੀਸ਼ ਬਹਾਦਰਪੁਰੀ, ਡਾ. ਕੁਲਦੀਪ ਸਿੰਘ, ਸੁੱਚਾ ਰਾਮ ਬੰਗਾ, ਅੰਜੂ ਵੀ ਰੱਤੀ, ਸੁਖਮਨ ਸਿੰਘ

ਕਹਾਣੀਆਂ

ਚਹਿਲ-ਪਹਿਲ	ਡਾ. ਦਰਸ਼ਨ ਸਿੰਘ 'ਆਸ਼ਟ'	16
ਬੋਹੜ ਦੀ ਛਾਂ	ਜਸਵੀਰ ਸਿੰਘ ਰਾਣਾ	18
ਬਘਿਆੜ ਦਾ ਸ਼ਿਕਾਰ	ਕ੍ਰਿਸ਼ਨ ਕੁਮਾਰ ਰੱਤੂ	20
ਬਦਨੀਤੀ ਦਾ ਫ਼ਲ	ਹਰਿੰਦਰ ਸਿੰਘ ਗੋਗਨਾ	22
ਪਰਉਪਕਾਰੀ ਬਣੀਏ	ਅਮਰਪ੍ਰੀਤ ਸਿੰਘ ਝੀਤਾ	24
ਭੂੰ...ਭੂੰ...ਘੂੰ...ਘੂੰ...	ਡਾ. ਹਰਜੀਤ ਸਿੰਘ	27
ਲਾਲਚੀ ਤੋਤੇ ਵਾਲੀ	ਗੁਰਨਦਰਿ	29
ਜ਼ਿਮੀਦਾਰ ਅਤੇ ਗੰਨੇ	ਕਰਨਵੀਰ	30
ਆਤਮ ਵਿਸ਼ਵਾਸ਼	ਅਮਰੀਕ ਸਿੰਘ ਤਲਵੰਡੀ ਕਲਾਂ	31
ਮਛਲੀ ਦਾ ਪਰਿਵਾਰ	ਹਰਲੀਨ	32
ਹਿੰਮਤ	ਹਰਵੀਰ ਮਾਨ	33
ਮਹਾਨ ਤੱਪਸਵੀ	ਸੁਰਿੰਦਰ ਕੌਰ ਰੋਮੀ ਫਿਲੌਰ	34

ਲੇਖ

ਘੱਟ ਬਿਜਲੀ ਦਾ ਬੱਚਿਆਂ ਦੀਆਂ ਅੱਖਾਂ ਉੱਤੇ ਅਸਰ	ਡਾ. ਹਰਸ਼ਿੰਦਰ ਕੌਰ	35
ਜ਼ਿੰਦਗੀ	ਨਵਨੀਤ	36
ਆਓ ਜਾਣੀਏ ਰੇਡੀਓ ਦੀ ਖੋਜ ਸਬੰਧੀ	ਕੇ. ਐਸ. ਅਮਰ	37
ਬਾਲ ਸਾਹਿਤ ਅਤੇ ਲੋਕ ਸਾਹਿਤ ਦੀ ਸੰਸਥਾ....	ਦਰਸ਼ਨ ਸਿੰਘ 'ਆਸ਼ਟ'	38
ਕੰਪਿਊਟਰ ਦੀ ਵਰਤੋਂ ਕਰਦੇ ਸਮੇਂ ਬੈਠਣ.....	ਜਗਜੀਤ ਸਿੰਘ ਗਣੇਸ਼ਪੁਰ	39
ਕੌਣ ਹੈ ਟਿੱਕ ਟੌਕ ਦਾ ਸਰਦਾਰ ਹੀਰੋ ?	ਰਵਨੀਤ ਕੌਰ	40
ਡਾ. ਏ.ਪੀ.ਜੇ. ਅਬਦੁਲ ਕਲਾਮ ਦੇ ਵਿਦਿਆਰਥੀ.....	ਪ੍ਰਿੰਸੀਪਲ ਵਿਜੈ ਕੁਮਾਰ	41

ਪ੍ਰੇਰਨਾਦਾਇਕ ਪੁਸਤਕਾਂ

ਚੰਦ ਤੱਕ ਉਡਾਰੀ	ਜਸਪ੍ਰੀਤ ਸਿੰਘ ਜਗਰਾਓਂ	45
ਪਾਣੀ ਇਕ ਅਨਮੋਲ ਰਤਨ	ਡਾ. ਵਿਜੈ ਕੁਮਾਰ ਭੱਟੀ	45
ਕਾਕਾ ਬੱਲੀ	ਪ੍ਰੋ. ਬਲਦੇਵ ਸਿੰਘ ਬੱਲੀ	46
ਬੱਚਿਆਂ ਦਾ ਪ੍ਰਣ	ਪ੍ਰਦੀਪ ਸਲੇਮਪੁਰੀ	46

ਬਾਲ ਨਾਵਲ

ਏਲੀਅਨਜ਼ ਦੀ ਧਰਤੀ ਤੇ	ਪਵਨ ਹਰਚੰਦਪੁਰੀ	47

ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਵਲੋਂ ਪੱਤਰ ਨੰ: 4/3-96 ਐਡੀਟਰ ਪੰਜਾਬੀ ਮਿਤੀ 24.2.97 ਅਨੁਸਾਰ ਪੰਜਾਬ ਦੇ ਸਾਰੇ ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਲਈ ''ਨਿੱਕੀਆਂ ਕਰੂੰਬਲਾਂ) ਮੰਜ਼ੂਰ ਹੈ।

ਹੁੰਗਾਰਾ.....

ਪੰਜਾਬੀ ਵਿਚ ਬਾਲ ਰਸਾਲਾ ਕੱਢਣਾ ਇੰਨਾ ਸੌਖਾ ਨਹੀਂ। ਬਾਲ ਪੱਤਰਕਾਰੀ ਦੇ ਖਿੱਤੇ ਦੀਆਂ ਸਮੱਸਿਆਵਾਂ ਨੂੰ ਉਹ ਵਿਅਕਤੀ ਵਧੇਰੇ ਸ਼ਿਦਤ ਨਾਲ ਮਹਿਸੂਸ ਕਰ ਸਕਦੇ ਹਨ ਜਿਨ੍ਹਾਂ ਦਾ ਤੁਅੱਲੁਕ ਸੰਪਾਦਨ ਕਾਰਜ ਨਾਲ ਜੁੜਿਆ ਹੁੰਦਾ ਹੈ। ਤੁਸੀਂ 25 ਸਾਲ ਤੋਂ ਇਸ ਪਰਚੇ ਦਾ ਸ਼ਾਨਦਾਰ ਸੰਪਾਦਨ ਕਰਦੇ ਆ ਰਹੇ ਹੋ। ਇਹ ਦਿਲ ਗੁਰਦੇ ਵਾਲਾ ਕੰਮ ਹੈ। ਮੈਂ ਪਰਚੇ ਦੀ ਸਿਲਵਰ ਜੁਬਲੀ ਦੇ ਅਵਸਰ ਤੇ ਬਹੁਤ ਬਹੁਤ ਵਧਾਈ ਦਿੰਦਾ ਹਾਂ।

– ਡਾ ਦਰਸ਼ਨ ਸਿੰਘ ਆਸ਼ਟ
ਸਾਹਿਤ ਅਕਾਦਮੀ ਅਤੇ ਸ਼੍ਰੋਮਣੀ ਬਾਲ ਸਾਹਿਤ ਐਵਾਰਡੀ
ਪਟਿਆਲਾ

ਨਵੇਂ ਸਾਹਿਤਕਾਰਾਂ ਦਾ ਨਿੱਕੀਆਂ ਕਰੂੰਬਲਾਂ ਨਾਲ ਜੁੜਨਾ ਅਦਾਰੇ ਦੀ ਇਕ ਵੱਡੀ ਪ੍ਰਾਪਤੀ ਹੈ। ਇਹ ਰਸਾਲੇ ਦੀ ਹਰਮਨ ਪਿਆਰਤਾ, ਦਿਨ ਦੁਗਣੀ ਤੇ ਰਾਤ ਚੌਗੁਣੀ ਤਰੱਕੀ ਕਰਨ ਦਾ ਪੁਖਤਾ ਸਬੂਤ ਹੈ। ਪ੍ਰਮਾਤਮਾ ਸਦਾ ਚੜ੍ਹਦੀ ਕਲਾ ਬਖ਼ਸ਼ੇ।

– ਸੁਰਜੀਤ ਸਿੰਘ ਬਲ੍ਹਾੜੀ ਕਲਾਂ ਜਲੰਧਰ

ਨਿੱਕੀਆਂ ਕਰੂੰਬਲਾਂ ਸਾਡੇ ਲਈ ਇਕ ਰਾਹ ਦਸੇਰੇ ਦਾ ਕੰਮ ਕਰ ਰਿਹਾ ਹੈ। ਪਾਠਕਾਂ ਨੂੰ ਸਾਹਿਤ ਅਤੇ ਸਿੱਖਿਆ ਦੀਆਂ ਰਾਹਾਂ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ। 25 ਸਾਲ ਦਾ ਸਫ਼ਰ ਬੜਾ ਸ਼ਾਨਾਮੱਤਾ ਹੈ।

– ਨਵਦੀਪ ਸਿੰਘ ਬਦੇਸ਼ਾ ਸ਼੍ਰੀ ਅੰਮ੍ਰਿਤਸਰ ਸਾਹਿਬ

ਮਾਹਿਲਪੁਰ ਦੀ ਪਿਆਰੀ ਧਰਤੀ ਤੋਂ ਬੜੇ ਨਿੱਘੇ ਅਤੇ ਹਿੰਮਤੀ ਇਨਸਾਨਾਂ ਵਲੋਂ ਇਸ ਰਸਾਲੇ ਦੀ ਪ੍ਰਕਾਸ਼ਨਾ ਬਾਲ ਜੀਵਨ ਨੂੰ ਨਰੋਆ ਕਰਦੀ ਹੈ। ਬੱਚਿਆਂ ਅਤੇ ਪਾਠਕਾਂ ਅੰਦਰ ਨਵੀਆਂ ਤੇ ਨਰੋਈਆਂ ਕਦਰਾਂ ਕੀਮਤਾਂ ਭਰੀਆਂ ਜਾ ਰਹੀਆਂ ਹਨ।

– ਸੁਖਵਿੰਦਰ ਕੌਰ ਸਿੱਧੂ ਸੰਗਰੂਰ

ਬਾਲ ਸਾਹਿਤ ਦਾ ਪ੍ਰਕਾਸ਼ਨ ਕਰਨਾ ਕੋਈ ਬਿਜਨਸ ਵਾਲਾ ਕੰਮ ਨਹੀਂ ਹੈ। ਧੰਨ ਹਨ ਨਿੱਕੀਆਂ ਕਰੂੰਬਲਾਂ ਦੇ ਸੰਪਾਦਕ ਬਲਜਿੰਦਰ ਮਾਨ ਜੋ ਪਿਛਲੇ ਢਾਈ ਤਿੰਨ ਦਹਾਕਿਆਂ ਤੋਂ ਨਿਰੰਤਰ ਕਾਰਜ ਕਰ ਰਹੇ ਹਨ। ਨਿਰਸਵਾਰਥੀ ਭਾਵਨਾ ਨਾਲ ਕੀਤਾ ਜਾਣ ਵਾਲਾ ਇਹ ਕਾਰਜ ਹੁਣ ਬਾਲ ਸਾਹਿਤ ਦਾ ਇਤਿਹਾਸਕ ਦਸਤਾਵੇਜ਼ ਬਣ ਚੁੱਕਾ ਹੈ।

– ਸੁਨੀਲਮ ਮੰਡ ਮੁਹਾਲੀ

ਸਾਡੇ ਪਰਿਵਾਰ ਅਤੇ ਵਿਦਿਆਰਥੀਆਂ ਲਈ ਇਹ ਰਸਾਲਾ ਰਾਹ ਦਸੇਰਾ ਹੈ। ਇਹ ਸਾਡੇ ਮਨ ਮਸਤਿਕ ਦੇ ਬੰਦ ਬੂਹੇ ਬਾਰੀਆਂ ਨੂੰ ਖੋਲ੍ਹਦਾ ਹੋਇਆ ਨਵੇਂ ਰਾਹਾਂ ਦਾ ਗਿਆਨ ਦਿੰਦਾ ਹੈ।

– ਅਮਰਪ੍ਰੀਤ ਸਿੰਘ ਝੀਤਾ ਜਲੰਧਰ

ਰਸਾਲੇ ਨੇ ਨਵੇਂ ਲਿਖਾਰੀਆਂ ਨੂੰ ਬੜਾ ਨਰੋਆ ਮੰਚ ਪ੍ਰਦਾਨ ਕੀਤਾ ਹੈ। ਇਸ ਅੰਕ ਦੀਆਂ ਕਹਾਣੀਆਂ ਅਤੇ ਕਵਿਤਾਵਾਂ ਬਹੁਤ ਪ੍ਰਭਾਵਸ਼ਾਲੀ ਹਨ। ਹਰ ਪਾਠਕ ਅੰਦਰ ਨਵੇਂ ਸੁਪਨੇ ਸਿਰਜਦੀਆਂ ਹਨ।

– ਸਰਿਤਾ ਤੇਜੀ ਤਲਵਾੜਾ

ਨਿੱਕੀਆਂ ਕਰੂੰਬਲਾਂ ਰਾਹੀਂ ਮੇਰੀਆਂ ਬਾਲ ਕਵਿਤਾਵਾਂ ਨੂੰ ਪੂਰੀ ਦੁਨੀਆਂ ਵਿਚ ਪੜ੍ਹਿਆ ਜਾ ਰਿਹਾ ਹੈ। ਜਿਸ ਕਾਰਨ ਬਾਲ ਸਾਹਿਤ ਦੇ ਖੇਤਰ ਵਿਚ ਵੀ ਮੇਰੀ ਪਛਾਣ ਬਣ ਗਈ ਹੈ। ਕਰੂੰਬਲਾਂ ਪਰਿਵਾਰ 'ਤੇ ਮਾਲਕ ਸਦਾ ਮਿਹਰ ਭਰਿਆਂ ਹੱਥ ਰੱਖੇ।

– ਡਾ.ਅਰਮਨਪ੍ਰੀਤ ਸਿੰਘ ਟਾਂਡਾ

ਕੋਮਲ ਕਲਾਵਾਂ ਨਾਲ ਭਰਪੂਰ ਇਸ ਰਸਾਲੇ ਤੋਂ ਹਰ ਉਮਰ ਵਰਗ ਦੇ ਪਾਠਕਾਂ ਨੂੰ ਮਨੋਰੰਜਕ ਅਤੇ ਗਿਆਨ ਭਰਪੂਰ ਮੈਟਰ ਮਿਲਦਾ ਹੈ। ਹਰ ਪਾਠਕ ਦੀ ਚਾਹਤ ਹੈ ਕਿ ਇਹ ਰਸਾਲਾ ਹਰ ਮਹੀਨੇ ਉਹਨਾਂ ਦੇ ਹੱਥਾ ਵਿਚ ਪੁੱਜੇ।

ਅੰਜੂ ਵੀ ਰੱਤੀ ਹੁਸ਼ਿਆਰਪੁਰ

ਬਾਲ ਸਾਹਿਤ ਦਾ ਪ੍ਰਕਾਸ਼ਨ ਕਰਨਾ ਕੋਈ ਹਾਰੀ ਸਾਰੀ ਦਾ ਕੰਮ ਨਹੀਂ ਹੈ। ਬਲਜਿੰਦਰ ਮਾਨ ਨੇ ਇਸ ਕਾਰਜ ਨੂੰ ਬੜੀ ਮਿਹਨਤ ਤੇ ਲਗਨ ਨਾਲ ਇੱਥੋਂ ਤਕ ਲਿਆਂਦਾ ਹੈ। ਹੁਣ ਸਾਡੀ ਸਭ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਆਪਾਂ ਇਸ ਕਾਫ਼ਲੇ ਵਿਚ ਸ਼ਾਮਲ ਹੋ ਕੇ ਇਸ ਨਿਰਮਲ ਵਹਿਣ ਨੂੰ ਨਿਰੰਤਰ ਵਗਦਾ ਰੱਖੀਏ।

– ਨਵਦੀਪ ਸਿੰਘ ਭਾਟੀਆ ਰੂਪ ਨਗਰ

ਇਸ ਰਸਾਲੇ ਵਿਚਲੇ ਚਿੱਤਰ ਵੀ ਬੜੇ ਕਮਾਲ ਦੇ ਹੁੰਦੇ ਹਨ। ਹਰ ਰਚਨਾ ਨੂੰ ਚਿੱਤਰ ਮੁੱਲਵਾਨ ਅਤੇ ਦਿਲਚਸਪ ਬਣਾ ਦਿੰਦੇ ਹਨ। ਸੰਪਾਦਕੀ ਪੜ੍ਹੀਏ ਤਾਂ ਸਾਡੇ ਦਿਲ ਦਿਮਾਗ ਦੇ ਕਿਵਾੜ ਖੁੱਲ੍ਹ ਜਾਂਦੇ ਹਨ।

–ਜਗਤਾਰ ਸਿੰਘ ਸੋਖੀ ਫਿਰੋਜ਼ਪੁਰ

ਰਸਾਲੇ ਦੇ ਮੈਟਰ ਦੀ ਚੋਣ ਵਿਚ ਕਿਸੇ ਨਾਲ ਲੋ ਲਿਹਾਜ਼ ਨਹੀਂ ਕੀਤਾ ਜਾਂਦਾ। ਇਸੇ ਕਰਕੇ ਇਸ ਮਿਆਰੀ ਰਸਾਲੇ ਨੂੰ ਪ੍ਰਿੰਟ ਅਤੇ ਆਨਲਾਈਨ ਵੀ ਪੂਰੀ ਦੁਨੀਆਂ ਵਿਚ ਬੜੇ ਚਾਅ ਨਾਲ ਪੜ੍ਹਿਆ ਜਾਂਦਾ ਹੈ। ਕਈ ਅਧਿਆਪਕ ਇਸ ਰਸਾਲੇ ਰਾਹੀਂ ਰਾਜ ਅਤੇ ਕੌਮੀ ਪੱਧਰੀ ਮਾਣ ਸਨਮਾਨ ਵੀ ਹਾਸਲ ਕਰ ਰਹੇ ਹਨ।

– ਡਾ.ਦਵਿੰਦਰ ਮੰਡ ਜਲੰਧਰ

ਰਿਸ਼ਤਿਆ ਬਾਰੇ ਛਾਪੇ ਗਏ ਨਰਸਰੀ ਗੀਤ ਨਵੀਂ ਪਨੀਰੀ ਲਈ ਬਹੁਤ ਗੁਣਕਾਰੀ ਹਨ। ਕਹਾਣੀਆਂ ਵਿਚ ਦਿੱਤੇ ਸੁਨੇਹੇ ਵੀ ਸਾਡੇ ਬਾਲ ਜੀਵਨ ਨੂੰ ਸ਼ਿੰਗਾਰਨ ਵਾਲੇ ਹਨ।

– ਅਮੀਸ਼ਾ ਜਮਾਤ ਦਸਵੀਂ ਮਾਹਿਲਪੁਰ

ਡਾਕ ਰਾਹੀਂ ਰਸਾਲਾ ਲਗਵਾਉਣ/ਪੜ੍ਹਨ ਵਾਲੇ ਪਾਠਕਾਂ ਲਈ

ਡਾਕ ਰਾਹੀਂ ਮੈਗਜ਼ੀਨ ਮੰਗਵਾਉਣ ਵਾਲੇ ਪਾਠਕ ਆਪਣੇ ਪਤੇ ਵਾਲੀ ਸਲਿੱਪ ਦੇ ਹੇਠਾਂ ਚੰਦਾ ਮੁੱਕਣ ਦੀ ਮਿਤੀ ਤੋਂ ਇੱਕ ਮਹੀਨਾ ਪਹਿਲਾਂ ਚੰਦਾ ਮਨੀ ਆਰਡਰ ਜਾਂ ਆਨ ਲਾਈਨ ਭੇਜ ਤਾਂ ਕਿ ਰਸਾਲਾ ਨਿਰੰਤਰ ਭੇਜਿਆ ਜਾਂਦਾ ਰਹੇ। ਦਾ ਐਡੀਟਰ ਨਿੱਕੀਆਂ ਕਰੂੰਬਲਾਂ ਦਾ ਖਾਤਾ ਨੰ. 3431000107114849 IFS Code PUNB 0343100 ਪੰਜਾਬ ਨੈਸ਼ਨਲ ਬੈਂਕ, ਫਗਵਾੜਾ ਰੋਡ, ਮਾਹਿਲਪੁਰ ਵਿੱਚ ਜਮ੍ਹਾਂ ਕਰਵਾ ਕੇ 98150-18947 'ਤੇ ਐਸ.ਐਮ.ਐਸ. ਰਾਹੀਂ ਆਪਣਾ ਪੂਰਾ ਪਤਾ ਭੇਜੋ। ਆਪਣਾ ਪੁਰਾਣਾ ਗਾਹਕ ਨੰਬਰ ਵੀ ਜ਼ਰੂਰ ਭੇਜੋ। ਚੰਦਾ ਸਹਿਯੋਗ 1 ਸਾਲ ਦਾ 300/-, ਦੋ ਸਾਲ ਦਾ 500/-

ਸੰਪਾਦਕੀ

ਬਾਲ ਵਰੇਸ ਨੂੰ ਸੰਭਾਲਣ ਦੀ ਲੋੜ ਹੈ

ਕਿਸੇ ਦੇਸ਼ ਦਾ ਸਭ ਤੋਂ ਕੀਮਤੀ ਸਰਮਾਇਆ ਉਸ ਦੇਸ਼ ਦੇ ਨੌਜਵਾਨ ਹੁੰਦੇ ਹਨ। ਜਿਹਨਾਂ ਨੇ ਦੇਸ਼ ਕੌਮ ਦੀ ਵਾਗ ਡੋਰ ਸੰਭਾਲਣੀ ਹੁੰਦੀ ਹੈ। ਜੁਆਨੀ ਦੀ ਸੋਚ ਕਿਹੋ ਜਿਹੀ ਹੋਵੇਗੀ ਇਸ ਗੱਲ ਦਾ ਨਿਰਨਾ ਬਾਲ ਵਰੇਸ ਨੇ ਕਰਨਾ ਹੁੰਦਾ ਹੈ। ਬਾਲ ਮਾਨਸਿਕਤਾ ਦੀ ਸਾਂਭ ਸੰਭਾਲ ਅਤੇ ਸਰੀਰ ਨੂੰ ਨਰੋਆ ਬਨਾਉਣ ਲਈ ਕੀਤੇ ਜਾਂਦੇ ਯਤਨਾਂ ਨੇ ਇਹ ਸਾਰਾ ਕੁਝ ਵਿਕਸਤ ਕਰਨਾ ਹੁੰਦਾ ਹੈ। ਜੇਕਰ ਅਸੀਂ ਆਪਣੇ ਦੇਸ਼ ਦੇ ਤੰਤਰ ਤੇ ਨਜ਼ਰ ਮਾਰੀਏ ਤਾਂ ਅਸੀਂ ਸਭ ਜਾਣਦੇ ਹਾਂ ਕਿ ਇਥੇ ਲੋਕਾਂ ਤੋਂ ਵੋਟਾਂ ਲੈ ਕੇ ਉਹਨਾਂ ਦੇ ਸਿਰ ਤੇ ਐਸ਼ਾਂ ਕੀਤੀਆਂ ਜਾਂਦੀਆਂ ਹਨ। ਵਿਚਾਰੇ ਗਰੀਬ ਹਰ ਥਾਂ ਮੰਗਣ ਲਈ ਮਜ਼ਬੂਰ ਰਹਿੰਦੇ ਹਨ। ਜੇਕਰ ਉਹਨਾਂ ਨੂੰ ਪੇਟ ਭਰ ਰੋਟੀ ਨਸੀਬ ਨਹੀਂ ਫਿਰ ਉਹਨਾਂ ਦੀ ਔਲਾਦ ਨਿੱਗਰ ਕਿਵੇਂ ਬਣ ਸਕਦੀ ਹੈ। ਸੱਚ ਕਿਹਾ ਜਾਂਦਾ ਹੈ ਕਿ ਜਾੜਾਂ ਤੇ ਕਾਨੇ ਜਾਂਦੇ ਹਨ। ਜੇਕਰ ਅਸੀਂ ਬਾਲ ਜੀਵਨ ਦੀ ਸਾਂਭ ਸੰਭਾਲ ਵਿਚ ਅਸਫਲ ਰਹਿੰਦੇ ਹਾਂ ਤਾਂ ਸਮਝੋ ਅਸੀਂ ਆਪਣੇ ਦੇਸ਼ ਦੇ ਭਵਿੱਖ ਅਤੇ ਜੁਆਨੀ ਨਾਲ ਖਿਲਵਾੜ ਕਰ ਰਹੇ ਹਾਂ। ਗਰੀਬਾਂ ਦੇ ਨਾਮ ਤੇ ਚਾਲੂ ਹੁੰਦੀਆਂ ਸਕੀਮਾਂ ਦਾ ਲਾਭ ਸਰਮਾਏਦਾਰ ਅਤੇ ਆਗੂ ਕਿਸਮ ਦੇ ਲੋਕਾਂ ਉਠਾਈ ਜਾ ਰਹੇ ਹਨ ਤੇ ਗਰੀਬਾਂ ਨੂੰ ਹਰ ਪਾਸੇ ਧੱਕੇ ਹੀ ਧੱਕੇ ਹਨ।

ਸੰਯੁਕਤ ਰਾਸ਼ਟਰ ਦੀਆਂ ਵੱਖ ਵੱਖ ਸੰਸਥਾਵਾਂ ਵਲੋਂ ਜਾਰੀ ਕੀਤੇ ਅੰਕੜਿਆਂ ਅਨੁਸਾਰ ਸਾਡੇ ਦੇਸ਼ ਵਿਚ 4.5 ਕਰੋੜ ਤੋਂ ਜ਼ਿਆਦਾ ਬੱਚਿਆਂ ਦੇ ਸਰੀਰ ਪੂਰੀ ਖੁਰਾਕ ਨਾ ਮਿਲਣ ਕਾਰਨ ਅਰਧਵਿਕਸਤ ਹਨ ਜੋ ਸਾਰੀ ਉਮਰ ਪੂਰਨ ਮਨੁੱਖ ਨਹੀਂ ਬਣ ਸਕਣਗੇ । ਲਿੱਸੇ ਸਰੀਰ, ਫੁੱਲੇ ਢਿੱਡ ਅਤੇ ਸੁੰਗੜੀਆਂ ਪਤਲੀਆਂ ਲੱਤਾਂ ਵਾਲੇ ਬੱਚਿਆਂ ਦੀ ਗਿਣਤੀ 38.4 ਫੀਸਦੀ ਬਣਦੀ ਹੈ। ਸਾਡੇ ਭਾਰਤ ਮਹਾਨ ਵਿਚ 19 ਕਰੋੜ ਤੋਂ ਵੱਧ ਲੋਕਾਂ ਨੂੰ ਰੋਜ਼ਾਨਾ ਪੇਟ ਭਰਕੇ ਖਾਣਾ ਨਸੀਬ ਨਹੀਂ ਹੁੰਦਾ। ਦੁਨੀਆ ਦੀ ਭੁੱਖਮਰੀ ਦਾ ਸ਼ਿਕਾਰ ਲੋਕਾਂ ਵਿਚ 23.4 ਫੀਸਦੀ ਲੋਕ ਭਾਰਤ ਵਿਚ ਰਹਿੰਦੇ ਹਨ। ਸਾਡੇ ਦੇਸ਼ ਦੀਆਂ 51 ਫੀਸਦੀ ਔਰਤਾਂ ਤੱਤਾਂ ਦੀ ਘਾਟ ਕਾਰਨ ਅਨੀਮੀਆਂ ਦਾ ਸ਼ਿਕਾਰ ਹਨ। ਤੁਸੀਂ ਹੈਰਾਨ ਹੋਵੋਗੇ ਕਿ ਸਾਡੇ ਦੇਸ਼ ਦੇ 50 ਫੀਸਦੀ ਕਿਰਤੀ ਪ੍ਰਤੀ ਮਹੀਨਾ ਪੰਜ ਹਜ਼ਾਰ ਤੋਂ ਵੀ ਘੱਟ ਕਮਾਈ ਕਰਦੇ ਹਨ । ਸ਼ਹਿਰੀ ਵਸੋਂ ਦਾ 17.4 ਫੀਸਦੀ ਹਿੱਸਾ ਗੰਦੀਆਂ ਤੇ ਭੀੜੀਆਂ ਬਸਤੀਆਂ ਵਿਚ ਅਣਮਨੁੱਖੀ ਹਲਾਤ ਵਿਚ ਰਹਿੰਦਾ ਹੈ। ਜਿੱਥੇ ਸਵੱਛ ਭਾਰਤ ਦੀ ਮੁਹਿੰਮ ਐਨੇ ਸਾਲਾਂ ਤੱਕ ਵੀ ਨਹੀਂ ਪੁੱਜ ਸਕੀ। ਅਜਿਹੀਆਂ ਸਥਿਤੀਆਂ ਨਾਲ ਦੋ ਚਾਰ ਹੋ ਰਹੇ ਨੇ ਸਾਡੇ ਬੱਚਿਆਂ ਦੇ ਮਾਪੇ। ਜਿਹਨਾਂ ਕੋਲੋਂ ਅਸੀਂ ਚੰਗੇਰੇ ਰਾਸ਼ਟਰ ਨਿਰਮਾਣ ਦੀ ਆਸ ਲਈ ਬੈਠੇ ਹਾਂ। ਭਲਾ ਇਹ ਗੱਲ ਕੌਣ ਨਹੀਂ ਜਾਣਦਾ ਕਿ ਪੇਟ ਨਾ ਪਾਈਆਂ ਰੋਟੀਆਂ ਸੱਭੇ ਗੱਲਾਂ ਖੋਟੀਆਂ। ਸੋ ਇਹ ਖੋਟ ਕੱਢਣ ਵਾਸਤੇ ਸਾਨੂੰ ਸਭ ਨੂੰ ਹੰਭਲਾ ਮਾਰਨਾ ਪਵੇਗਾ ਤਾਂ ਕਿ ਸਾਡੇ ਬੱਚੇ ਕੁਪੋਸ਼ਣ ਅਤੇ ਭੁੱਖਮਰੀ ਦਾ ਸ਼ਿਕਾਰ ਨਾ ਹੋਣ। ਬੱਚਿਆਂ ਤੇ ਹੋਰ ਕਈ ਤਰ੍ਹਾਂ ਦੇ ਹੁੰਦੇ ਅੱਤਿਆਚਾਰਾਂ ਦੀ ਕਹਾਣੀ ਤਾਂ ਹੋਰ ਵੀ ਦੁੱਖਦਾਇਕ ਹੈ।

ਲੌਕਡਾਊਨ ਦੌਰਾਨ ਜੋ ਸਾਡੇ ਕਿਰਤੀਆਂ ਨਾਲ ਬੀਤੀ ਉਹ ਕਦੀ ਵੀ ਭੁਲਾਈ ਨਹੀਂ ਜਾ ਸਕਦੀ । ਉਹਨਾਂ ਦੀ ਗੋਦੀ ਵਿਚ ਅਤੇ ਨਾਲ ਤੁਰੇ ਜਾਂਦੇ ਬਾਲਾਂ ਦੇ ਸਵਾਲ ਹਰ ਆਗੂ ਨੂੰ ਸ਼ਰਮਸਾਰ ਕਰਦੇ ਹਨ। ਹਵਾਈ ਜ਼ਹਾਜ਼ਾਂ ਦੇ ਸੁਫਨੇ ਦੇਖਣ ਵਾਲਿਆਂ ਨੂੰ ਘਰ ਜਾਣ ਜੋਗਾ ਸਾਧਨ ਵੀ ਨਸੀਬ ਨਾ ਹੋਇਆ ਸਗੋਂ ਪੈਦਲ ਹੀ ਸੈਂਕੜੇ ਮੀਲ ਕਰੁਣਾਮਈ ਸਫ਼ਰ ਕੀਤਾ । ਬਿਹਾਰ ਦੀ ਬਾਰਾਂ ਸਾਲਾਂ ਦੀ ਜੋਤੀ ਕੁਮਾਰੀ ਨੇ ਤਾਂ ਆਪਣੇ ਬਿਮਾਰ ਬਾਪ ਨੂੰ 12 ਸੌ ਕਿਲੋਮੀਟਰ ਸਾਈਕਲ ਤੇ ਬੈਠਾ ਕੇ ਘਰ ਪਹੁੰਚਾ ਦਿੱਤਾ। ਧਨ ਹੈ ਸਾਡੀ ਧੀ ਜਿਸਨੇ ਕਿਸੇ ਦੀ ਪ੍ਰਵਾਹ ਨਾ ਕੀਤੀ ਸਗੋਂ ਹਾਲਾਤਾਂ ਨਾਲ ਟੱਕਰ ਲੈਂਦੀ ਹੋਈ ਮੰਜ਼ਿਲ ਤੇ ਪੁੱਜ ਗਈ। ਇਸ ਤਰ੍ਹਾਂ ਦੀਆਂ ਕਈ ਹੋਰ ਘਟਨਾਵਾਂ ਦਾ ਇਥੇ ਜ਼ਿਕਰ ਕੀਤਾ ਜਾ ਸਕਦਾ ਹੈ। ਜਿਸ ਵਿਚ ਬੱਚਿਆਂ ਨੇ ਆਪਣੀ ਹਿੰਮਤ ਅਤੇ ਦਲੇਰੀ ਨਾਲ ਮੰਜ਼ਿਲਾਂ ਨੂੰ ਪ੍ਰਾਪਤ ਕੀਤਾ ਪਰ ਅਫਸੋਸ ਕਿ ਕਈ ਤੱਤੀ ਰੇਤ ਦੇ ਪਾਂਧੀ ਬਣਕੇ ਰਾਹਾਂ ਵਿਚ ਮਰ ਖਪ ਗਏ। ਇਸ ਮੌਕੇ ਉਹਨਾਂ ਦੀ ਦੁਖਦੀ ਰਗ ਨੂੰ ਛੇੜਨਾ ਨਹੀਂ ਸਗੋਂ ਉਹਨਾਂ ਨਿਆਸਰੇ ਲੋਕਾਂ ਨਾਲ ਖੜ੍ਹਨ ਅਤੇ ਉਹਨਾਂ ਖਾਤਰ ਹਾਅ ਦਾ ਨਾਹਰਾ ਮਾਰਨ ਦਾ ਵੇਲਾ ਹੈ।

ਬਿਨਾ ਸ਼ੱਕ ਸਾਡੇ ਦੇਸ਼ ਨੇ ਬਹੁਤ ਤਰੱਕੀ ਕੀਤੀ ਹੈ। ਪਰ ਜਿਸ ਤਰੱਕੀ ਦਾ ਆਮ ਲੋਕਾਂ ਨੂੰ ਕੋਈ ਫਾਇਦਾ ਨਹੀਂ ਉਸਦਾ ਅਰਥ ਹੀ ਕੀ ਰਹਿ ਜਾਂਦਾ ਹੈ। ਅਜ ਲੋੜ ਹੈ ਆਮ ਜਨਤਾ ਦੀਆਂ ਮੁੱਢਲੀਆਂ ਕੁੱਲੀ, ਗੁੱਲੀ ਅਤੇ ਜੁੱਲੀ ਵਰਗੀਆਂ ਲੋੜਾਂ ਦੀ ਪੂਰਤੀ ਲਈ ਸਹੀ ਯੋਜਨਾਬੰਦੀ ਕਰਨ ਦੀ। ਖਾਸ ਕਰ ਬਾਲ ਜੀਵਨ ਨੂੰ ਬਚਾਉਣ ਲਈ ਉਚੇਚੇ ਕਾਰਜ ਕੀਤੇ ਜਾਣੇ ਲੋੜੀਂਦੇ ਹਨ। ਇਸ ਕੋਰੋਨਾ ਕਾਲ ਵਿਚ ਬੱਚਿਆਂ ਦੀ ਸਾਂਭ ਸੰਭਾਲ ਲਈ ਘਰ ਅਤੇ ਸਕੂਲਾਂ ਵਿਚ ਸਭ ਹਿਫਾਜਤੀ ਸਹੂਲਤਾਂ ਪ੍ਰਦਾਨ ਕਰਨ ਦੀ ਲੋੜ ਹੈ। ਜੇਕਰ ਅਸੀਂ ਬਚਪਨ ਬਚਾ ਲਿਆ ਤਾਂ ਸਮਝੋ ਸਾਡੀ ਜਾਵਾਨੀ ਅਤੇ ਭਵਿੱਖ ਬਚ ਗਿਆ।

– ਬਲਜਿੰਦਰ ਮਾਨ

ਤੁਹਾਡੇ ਪਿਆਰੇ ਰਸਾਲੇ ਨਿੱਕੀਆਂ ਕਰੂੰਬਲਾਂ ਦਾ 'ਨੈਤਿਕ ਕਦਰਾਂ ਕੀਮਤਾਂ' ਵਿਸ਼ੇਸ਼ ਅੰਕ ਪ੍ਰਕਾਸ਼ਿਤ ਕੀਤੇ ਜਾਣ ਦੀ ਯੋਜਨਾ ਹੈ। ਸਾਹਿਤਕਾਰ ਆਪਣੀਆਂ ਰਚਨਾਵਾਂ ਸੰਪਾਦਕ ਨੂੰ ਜਲਦੀ ਭੇਜਣ ਦੀ ਮਿਹਰਬਾਨੀ ਕਰਨ ।

ਕਾਵਿ ਵੰਨਗੀ

ਬੋਲਿਆਂ ਬਾਬੇ ਨਾਨਕ ਦੀਆਂ

ਹਰਮੇਸ਼ ਕੌਰ ਯੋਧੇ
ਸਟੇਟ ਐਵਾਰਡੀ
ਮੋ: 84272-26155

ਨਾਨਕ ਜੀ ਆ ਜੀ ਗਏ,
ਨਾਨਕ ਜੀ ਆ ਜੀ ਗਏ,
ਉਹ ਤਾਂ ਪੱਥਰਾਂ ਨੂੰ,
ਪੰਜਾ ਲਾ ਜੀ ਗਏ---

ਨਾਨਕ ਜੀ ਆ ਜੀ ਗਏ,
ਨਾਨਕ ਜੀ ਆ ਜੀ ਗਏ,
ਉਹ ਤਾਂ ਮੱਕੇ ਨੂੰ,
ਚੁਫ਼ੇਰੇ ਘੁਮਾ ਜੀ ਗਏ---

ਨਾਨਕ ਜੀ ਆ ਜੀ ਗਏ,
ਨਾਨਕ ਜੀ ਆ ਜੀ ਗਏ,
ਉਹ ਤਾਂ ਵੇਈਂ ਵਿੱਚ,
ਚੁੱਭੀ ਲਾ ਜੀ ਗਏ---

ਨਾਨਕ ਜੀ ਆ ਜੀ ਗਏ,
ਨਾਨਕ ਜੀ ਆ ਜੀ ਗਏ,
ਉਹ ਤਾਂ ਇੱਕ ਓਂਕਾਰ,
ਉਚਾਰ ਜੀ ਗਏ---

ਨਾਨਕ ਜੀ ਆ ਜੀ ਗਏ,
ਨਾਨਕ ਜੀ ਆ ਜੀ ਗਏ,
ਉਹ ਤਾਂ ਸੁਲਤਾਨਪੁਰੀਆਂ ਨੂੰ,
ਭਾਗ ਲਾ ਜੀ ਗਏ---

ਨਾਨਕ ਜੀ ਆ ਜੀ ਗਏ,
ਨਾਨਕ ਜੀ ਆ ਜੀ ਗਏ,
ਚਰੀ ਖੇਤੀ ਨੂੰ,
ਹਰੀ ਕਰਾ ਜੀ ਗਏ---

ਨਾਨਕ ਜੀ ਆ ਜੀ ਗਏ,
ਨਾਨਕ ਜੀ ਆ ਜੀ ਗਏ,
ਛੇਛ ਨਾਗ ਤੋਂ,
ਛਾਵਾਂ ਕਰਾ ਜੀ ਗਏ---

ਨਾਨਕ ਜੀ ਆ ਜੀ ਗਏ,
ਨਾਨਕ ਜੀ ਆ ਜੀ ਗਏ,
ਰਾਏ ਬੁਲਾਰ ਨੂੰ,
ਕੌਤਕ ਦਿਖਾ ਜੀ ਗਏ---

ਨਾਨਕ ਜੀ ਆ ਜੀ ਗਏ,
ਨਾਨਕ ਜੀ ਆ ਜੀ ਗਏ,
ਉਹ ਤਾਂ ਜੋਗੀਆਂ ਨੂੰ,
ਸੱਚ ਸਮਝਾ ਜੀ ਗਏ---

ਨਾਨਕ ਜੀ ਆ ਜੀ ਗਏ,
ਨਾਨਕ ਜੀ ਆ ਜੀ ਗਏ,
ਸਾਥ ਬਾਲਾ ਤੇ ਮਰਦਾਨਾ,
ਨਿਭਾਅ ਜੀ ਗਏ---

ਨਾਨਕ ਜੀ ਆ ਜੀ ਗਏ,
ਨਾਨਕ ਜੀ ਆ ਜੀ ਗਏ,
ਚਾਰੇ ਕੂੰਟਾਂ 'ਚ,
ਜੋਤ ਜਗਾ ਜੀ ਗਏ---

ਇੱਕ ਬਗੀਚਾ ਬਣਾਈਏ

ਰਵਨੀਤ ਕੌਰ ਢੀਂਡਸਾ
ਪ੍ਰੀਤ ਲੜੀ, ਅੰਮ੍ਰਿਤਸਰ
ਮੋ: 98157-67719

ਘਰ ਦੇ ਨੇੜੇ ਇੱਕ ਬਗੀਚਾ ਬਣਾਈਏ,
ਮੌਸਮੀ ਫਲ, ਸਬਜ਼ੀਆਂ ਉਗਾਈਏ ।

ਕਰਕੇ ਗੋਡੀ ਪਾਣੀ ਲਾਈਏ,
ਖਾਦ ਬਿਲਕੁਲ ਵੀ ਨਾ ਪਾਈਏ ।

ਨਾਲੇ ਬੀਜੀਏ ਤੁਲਸੀ, ਪੁਦੀਨਾ, ਨਿੰਮ,
ਕਰਦੇ ਹਨ ਜੋ ਵੈਦ ਦਾ ਕੰਮ ।

ਜਦ ਵੀ ਹੋਵੇ ਮਨ ਉਦਾਸ,
ਬਗੀਚੇ ਵਿੱਚ ਕਰੀਏ ਟਾਈਮ ਪਾਸ ।

ਖਾਈਏ ਫਲ, ਸਬਜ਼ੀਆਂ ਨਰੋਏ,
ਤਾਂ ਜੋ ਸਰੀਰ ਤੰਦਰੁਸਤ ਹੋਏ ।

ਸਾਦਾ ਖਾਈਏ, ਸਾਦਾ ਪਾਈਏ,
ਆਜੋ ਚੰਗੀਆਂ ਆਦਤਾਂ ਬਣਾਈਏ ।

ਬੱਚਿਓ ਚੰਗੀਆਂ ਆਦਤਾਂ ਪਾਓ,
ਫਲ ਖਾਉ ਤੇ ਵਾਤਾਵਰਣ ਵੀ ਬਚਾਓ।

ਕੋਰੋਨਾ ਨੂੰ ਭਜਾਈਏ

ਬਲਜਿੰਦਰ ਮਾਨ
ਮੋ: 98150-18947



ਨਾਲ ਹੌਂਸਲੇ ਕੋਰੋਨਾ ਨੂੰ ਭਜਾਈਏ ਦੋਸਤੋ
ਐਵੇਂ ਹਰ ਥਾਂ ਹੱਥ ਨਾ ਲਗਾਈਏ ਦੋਸਤੋ
ਭਰ ਕੇ ਨਾ ਕਦੀ ਵੀ ਮੈਦਾਨ ਛੱਡੀਏ,
ਆਵੇ ਜੇ ਬਿਮਾਰੀ ਉਹਦਾ ਇਲਾਜ ਕੱਢੀਏ
ਨਾ ਭਰਮਾਂ ਦੇ ਵਿਚ ਫੱਸ ਜਾਈਏ ਦੋਸਤੋ....
ਕੁਦਰਤ ਨਾਲ ਜਦੋਂ ਆਢਾ ਲਾਉਂਦੇ ਹਾਂ
ਦੁੱਖਾਂ ਵਾਲੀ ਪੰਡ ਘਰ ਨੂੰ ਲਿਆਉਂਦੇ ਹਾਂ।
ਜੀਵਾਂ ਨਾਲ ਆੜੀਆਂ ਪਾਈਏ ਦੋਸਤੋ
ਜਲ ਪਾਣੀ ਹਵਾ ਪਏ ਆਕਾਸ਼ ਨੇ ਪੁਕਾਰਦੇ
ਧਰਤੀ ਤੇ ਜ਼ਿੰਦਗੀ ਨੂੰ ਅਸੀਂ ਹਾਂ ਸ਼ਿੰਗਾਰਦੇ
ਭਾੜੇ ਭੰਗ ਦੇ ਨਾ ਫੱਕੀਆਂ ਉਡਾਈਏ ਦੋਸਤੋ....
ਉੱਚੀਆਂ ਸੋਚਾਂ ਨਾਲੇ ਸਾਦੀ ਜੇ ਖੁਰਾਕ ਹੋਵੇ
ਸੱਚ ਦੀ ਸਫਾਈ ਨਾਲ ਪਾਈ ਜੇ ਪੁਸ਼ਾਕ ਹੋਵੇ
ਕੁਦਰਤ ਦੀਆਂ ਰਹਿਮਤਾਂ ਫਿਰ ਪਾਈਏ ਦੋਸਤੋ
ਚੌਧਰਾਂ ਦੇ ਵਾਸਤੇ ਨਾ ਤੰਗ ਕਰ ਰੂਹਾਂ ਨੂੰ
ਖੁਸ਼ੀਆਂ ਤੇ ਖੇੜਿਆਂ ਨਾ ਭੋਰ ਸਭ ਜੂਹਾਂ ਨੂੰ
ਬਣੇ ਕੀਮਤੀ ਅਸੂਲ ਅਪਣਾਈਏ ਦੋਸਤੋ...
ਸਾਵਧਾਨੀ ਵਿਚ ਛੁਪੀ ਹੈ ਸੁਰੱਖਿਆ
ਦੂਰੋਂ ਹੀ ਨਮੱਸਤੇ ਦਾ ਗੁਰ ਸਾਨੂੰ ਦੱਸਿਆ
ਸੈਨੇਟਾਈਜ਼ ਹਰ ਛੈਅ ਕਰਾਈਏ ਦੋਸਤੋ
ਘਰੋ ਬਾਹਰ ਜਾਣ ਲੱਗੇ ਮਾਸਕ ਲਗਾਈਏ
ਤਨੋਂ ਦੂਰ ਦਿਲੋਂ ਨੇੜੇ ਰਹਿਣਾ ਸਿੱਖ ਜਾਈਏ
'ਮਾਨ' ਹਿੰਮਤਾਂ ਨਾਲ ਜਿੱਤ ਜਾਈਏ ਦੋਸਤੋ ।

ਇਕ ਚਿੱਤ

ਇਕ ਮਨ ਹੋਣਾ ਹਰ ਹਾਲ ਬੇਲੀਆ
ਇਕਾਂਤ ਵਿਚ ਬਹਿ ਕੇ ਲੈ ਸੰਭਾਲ ਬੇਲੀਆ...
ਮਨ ਦੇ ਉਕਾਬ ਨੇ ਮਾਰੀਆਂ ਉਡਾਰੀਆਂ
ਮਿਹਨਤਾਂ ਦੇ ਨਾਲ ਹੁਣ ਕਰ ਲੈ ਤਿਆਰੀਆਂ
ਕੱਢਣੇ ਲਈ ਆ ਗਿਆ ਸਵਾਲ ਬੇਲੀਆ....

ਇਕ ਚਿੱਤ ਹੋ ਕੇ ਜਦੋਂ ਕਰੀਏ ਪੜ੍ਹਾਈਆਂ
ਜਿੱਤ ਹੋਣ ਸਭ ਫਿਰ ਜੰਗਾਂ ਤੇ ਲੜਾਈਆਂ
ਇਕ ਜ਼ਿੰਦਗੀ ਦੀ ਹੋਵੇ ਸੁਰ-ਤਾਲ ਬੇਲੀਆ....
ਚੰਗੀਆਂ ਕਿਤਾਬਾਂ ਹੋਣ ਮਨ ਦੀ ਖੁਰਾਕ
ਜੋੜ ਦੇਣ ਇਹੋ ਉੱਚੇ ਸਬਕਾਂ ਦਾ ਸਾਕ
ਕਰ ਅੱਥਰੇ ਹੋਏ ਮਨ ਦਾ ਖਿਆਲ ਬੇਲੀਆ....

ਮਨ ਤਨ ਇਕ ਹੋਣ ਖਿੜ੍ਹਦੇ ਗੁਲਾਬ ਨੇ
ਸਾਫ ਮਨ ਹੋਣ ਤਾਂ ਚੜ੍ਹਦੇ ਸ਼ਬਾਬ ਨੇ
ਕਾਬੂ ਰੱਖ ਮਨ ਹਰ ਹਾਲ ਬੇਲੀਆ....
ਭੈੜੇ ਜੋ ਵਿਚਾਰ ਸਾਰੇ ਮਨ 'ਚੋਂ ਮਿਟਾ ਦੇਈਏ
'ਮਾਨ' ਸਭ ਔਕੜਾਂ ਪਾਸੇ ਨੂੰ ਹਟਾ ਦੇਈਏ
ਹੋਵੇ ਮਨ ਤਨ ਬੁੱਧੀ ਸਦਾ ਨਾਲ ਬੇਲੀਆ....

ਗੁਣਾਂ ਦੇ ਗਹਿਣੇ

ਆਓ ਸਭ ਨਾਲ ਆੜੀ ਪਾਈਏ,
ਉਚੇ ਅਬਰੀ ਉਡਾਰੀ ਲਾਈਏ ।
ਛੋਟੇ ਵੱਡੇ ਭਾਈ ਨੇ ਸਾਰੇ,
ਸਭ ਨੂੰ ਆਪਣੇ ਨਾਲ ਰਲਾਈਏ ।
ਹਰ ਜੀਵ ਦਾ ਹੱਕ ਹੈ ਜਿਊਣਾ
ਜੀਵ ਕੋਈ ਨਾ ਮਾਰ ਮੁਕਾਈਏ।
ਚੋਰੀ ਨਾਲ ਕੁੱਝ ਨਾ ਬਣਦਾ
ਨਾਲ ਮਿਹਨਤਾਂ ਜਸ ਕਮਾਈਏ।
ਏਕਾ, ਹਿੰਮਤ, ਲਗਨ ਤੇ ਆਦਰ
ਗੁਣਾਂ ਦੇ ਗਣੇ ਗਲ ਵਿਚ ਪਾਈਏ।

ਮਾਂ ਬੋਲੀ

✍ ਸੁੰਦਰ ਪਾਲ ਪ੍ਰੇਮੀ
ਨੇੜੇ ਪਾਰਕ ਜੈਤੋ (ਫਰੀਦਕੋਟ)
ਮੋ: 98140-51099

ਮੇਰੀ ਬੋਲੀ, ਮੇਰੀ ਮਾਂ ।
ਬੋਹੜ ਵਰਗੀ ਇਹਦੀ ਛਾਂ ।
ਗੁਰਬਾਣੀ ਵਿੱਚ ਮਿਲੀ ਹੈ,
ਮਾਂ ਨੂੰ ਉੱਚੀ ਥਾਂ ।
ਵਾਰਸ ਦੀ ਹੀਰ ਨੇ,
ਮਾਂ ਦੀ ਟੌਹਰ ਬਣਾਈ ।
ਹਾਸ਼ਮ ਦੀ ਸੱਸੀ,
ਮਾਂ-ਬੋਲੀ ਵਿੱਚ ਸਮਾਈ ।
ਭਾਈ ਵੀਰ ਸਿੰਘ ਨੇ,
ਮਾਂ ਦੇ ਲੇਖੇ ਕਲਮ ਲਾਈ ।
ਪ੍ਰੋ: ਮੋਹਨ ਸਿੰਘ ਨੇ,
ਮਾਂ ਦੀ ਨੁਹਾਰ ਚਮਕਾਈ ।
ਨਾਨਕ ਸਿੰਘ ਦੇ ਨਾਵਲਾਂ ਨੇ,
ਮਾਂ-ਬੋਲੀ 'ਚ ਸ਼ੋਹਰਤ ਪਾਈ।
ਸ਼ਿਵ ਦੀ ਸ਼ਾਇਰੀ ਨੇ,
ਮਾਂ ਦੀ ਸ਼ਾਨ ਵਧਾਈ ।
ਸਿਰਕੱਢ ਕਲਮਕਾਰਾਂ ਨੇ,
ਮਾਂ-ਬੋਲੀ 'ਚ ਪਹਿਚਾਣ ਬਣਾਈ ।
ਰਲ-ਮਿਲ ਆਪਾਂ ਮਿਸਾਲੀ,
ਚੇਤਨਾ ਮੁਹਿੰਮ ਚਲਾਈਏ,
ਹਰ ਅਦਾਰੇ ਵਿੱਚ,
ਮਾਂ ਨੂੰ ਅੱਗੇ ਲਿਆਈਏ ।
ਵਿਦੇਸ਼ਣ ਦੀ ਚੌਧਰ ਨੂੰ,
ਹਾਸ਼ੀਏ 'ਤੇ ਲਿਆਈਏ ।
ਮਾਂ-ਬੋਲੀ ਦੇ ਸੀਸ 'ਤੇ,
ਪਟਰਾਣੀ ਦਾ ਤਾਜ ਪਹਿਨਾਈਏ ।
ਮਾਂ-ਬੋਲੀ ਵੱਲ 'ਪ੍ਰੇਮੀ',
ਆਪਾਂ ਦਿਲੋਂ ਫਰਜ਼ ਨਿਭਾਈਏ ।

ੳ	ਅ	ੲ	ਸ	ਹ
ਕ	ਖ	ਗ	ਘ	ਙ
ਚ	ਛ	ਜ	ਝ	ਞ
ਟ	ਠ	ਡ	ਢ	ਣ
ਤ	ਥ	ਦ	ਧ	ਨ
ਪ	ਫ	ਬ	ਭ	ਮ
ਯ	ਰ	ਲ	ਵ	ੜ

ਟ੍ਰੈਫਿਕ ਨਿਯਮ

✍ ਪਰਮਜੀਤ ਸਿੰਘ ਮਿੰਟੂ
ਸ.ਪ੍ਰਾ. ਸਕੂਲ ਖੋਜਾ ਬੇਟ, ਤਹਿ. ਬਲਾਚੌਰ,
ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ
ਮੋ: 94171-22074

ਸੜਕਾਂ ਦੇ ਬੋਰਡਾਂ ਤੇ ਜਿਹੜੇ, ਹੁੰਦੇ ਨੇ ਭਿੰਨ-ਭਿੰਨ
ਆਖਦੇ ਨੇ ਉਹਨਾਂ ਨੂੰ ਟਰੈਫਿਕ ਦੇ ਚਿੰਨ੍ਹ ।
ਦਿੰਦੇ ਜਾਣਕਾਰੀ ਸਹੀ ਡਰਾਈਵਿੰਗ ਦੇ ਬਾਰੇ,
ਰਹਾਂਗੇ ਸੌਖੇ ਜੇ ਸਮਝ ਲਈਏ ਸਾਰੇ ।
ਚਿਤਾਵਨੀ ਜੇ ਚੱਲੋ ਫਿਰ ਹਾਦਸੇ ਨਾ ਹੋਣ,
ਲਾਜ਼ਮੀ ਨੇ ਚਿੰਨ੍ਹ ਹੁੰਦੇ ਮੰਨਣੇ ਜ਼ਰੂਰੀ ।
ਸੂਚਨਾਤਮਕ ਨੀਲੇ ਰੰਗ ਵਾਲੇ ਜਿਹੜੇ,
ਪਬਲਿਕ ਸੇਵਾ ਕਹਿੰਦੇ ਹੈਗੀ ਇਥੇ ਨੇੜੇ ।
ਦੇਖੋ ਜੋ ਸ਼ਬਦ ਲਿਖੇ ਵਿੱਚ ਅੰਗਰੇਜੀ,
ਸੜ੍ਹਕ ਦੇ ਉੱਤੇ ਨਾ ਦਿਖਾਓ ਕਦੇ ਤੇਜੀ ।
ਪੀਲੀ, ਲਾਲ, ਹਰੀ ਬੱਤੀ ਬਾਰੇ ਤੁਸੀਂ ਜਾਣਦੇ,
ਇਹਨਾਂ ਦੇ ਇਸ਼ਾਰੇ ਤੁਸੀਂ ਸਾਰੇ ਹੀ ਪਛਾਣਦੇ ।
ਜੈਬਰਾ ਕਰਾਸਿੰਗ ਵੀ ਹੁੰਦੀ ਬੜੀ ਅਹਿਮ,
ਪਾਰ ਕਰੋ ਸੜਕ ਇੱਥੋਂ ਲੱਗੇ ਭਾਵੇਂ ਟਾਈਮ ।

ਧੀਆਂ ਲਾਡਲੀਆਂ

✍ ਰਘੁਵੀਰ ਸਿੰਘ ਕਲੋਆ
ਬਗੀਚੀ ਮੁਹੱਲਾ ਮਾਹਿਲਪੁਰ
ਜਿਲ੍ਹਾ ਹੁਸ਼ਿਆਰਪੁਰ
9855024495

ਭੇਜੀਆਂ ਰੱਬ ਦੀਆਂ ਆਵਣ, ਧੀਆਂ ਲਾਡਲੀਆਂ,
ਇਹ ਸੁੱਤੇ ਭਾਗ ਜਗਾਵਣ, ਧੀਆਂ ਲਾਡਲੀਆਂ।
ਚੁੱਪ ਘਨੇਰੀ ਛਾਈ ਸੀ, ਜਿਹਦੀ ਆਮਦ 'ਤੇ,
ਬੋਲ ਤੋਤਲੇ ਬੋਲ ਹਸਾਵਣ, ਧੀਆਂ ਲਾਡਲੀਆਂ।
ਗੁੱਡੇ-ਗੁੱਡੀਆਂ, ਖ਼ੇਡ ਸਟਾਪੂ ਵਿਹੜੇ ਬਾਬੁਲ ਦੇ,
ਇਹ ਭੋਲਾ ਚਿੱਤ ਪਰਚਾਵਣ, ਧੀਆਂ ਲਾਡਲੀਆਂ।
ਕਦੇ ਮੂੰਹ ਅੱਡ ਕੇ ਨਾ ਮੰਗਿਆਂ, ਰੱਜੀਆਂ ਰੱਬ ਦੀਆਂ ,
ਲੱਖ-ਲੱਖ ਸ਼ੁਕਰ ਮਨਾਵਣ, ਧੀਆਂ ਲਾਡਲੀਆਂ।
ਅਸਾਂ ਪੱਥਰ ਦਿਲ, ਨਿਰਮੋਹੇ, ਰਹਿ ਜਾਣਾ ਸੀ,
ਇਹ ਪੱਥਰਾਂ ਨੂੰ ਪਿਘਲਾਵਣ, ਧੀਆਂ ਲਾਡਲੀਆਂ।
ਇਹ ਕੂੰਜਾਂ ਆਈਆਂ ਅਰਸ਼ੋਂ, ਚੰਬਾਂ ਚਿੜੀਆਂ ਦਾ,
ਹੁਕਮ ਹੋਇਆ ਉੱਡ ਜਾਵਣ, ਧੀਆਂ ਲਾਡਲੀਆਂ।

ਮੱਛਰ

✍ ਗੋਗੀ ਜੀਰਾ
15/108, ਪੁਰਾਣੀ ਤਲਵੰਡ ਰੋਡ,
ਜ਼ੀਰਾ, ਫਿਰੋਜਪੁਰ
ਮੋ: 97811-36240

ਭੀਂ-ਭੀਂ ਕਰਦਾ ਆਉਂਦਾ ਮੱਛਰ,
ਯਾਰੋ ਬੜਾ ਸਤਾਉਂਦਾ ਮੱਛਰ,
ਗਰਮੀ ਦੇ ਵਿੱਚ ਪੀਵੇ ਖ਼ੂਨ,
ਅੱਤ ਕਰਦਾ ਵਿੱਚ ਮਈ ਤੇ ਜੂਨ ।
ਇਸ ਤੋਂ ਕਿੱਦਾਂ ਜਾਨ ਬਚਾਈਏ,
ਪਾਸੇ ਲੈ ਕੇ ਰਾਤ ਲੰਘਾਈਏ ।
ਸਾਡੇ ਲੜ ਕੇ ਖਿੜ-ਖਿੜ ਹੱਸੇ,
ਛਿਪਕਲੀ ਆਵੇ ਤਾਂ ਫਿਰ ਨੱਸੇ ।



ਮੋਤੀਆਂ ਵਰਗੇ ਅੱਖਰ ਪਾਓ

✍ ਉਮਾ ਕਮਲ
ਤਲਵਾੜਾ
ਮੋ: 9465573989

ਲਿਖ-ਲਿਖ ਅੱਖਰ ਸ਼ਬਦ ਬਣਾਓ,
ਮਾਂ ਬੋਲੀ ਦਾ ਰੂਪ ਸਜਾਓ ।
ਜੇਕਰ ਵਧੀਆ ਨੰਬਰ ਲੈਣੇ,
ਮੋਤੀਆਂ ਵਰਗੇ ਅੱਖਰ ਪਾਓ ।

ਲਿਖਿਓ ਪੂਰਾ ਲਗਨ ਦੇ ਨਾਲ,
ਅੱਖਰ ਬਣਤਰ ਦਾ ਰੱਖ ਕੇ ਧਿਆਨ ।
ਫਿਰ ਹਰ ਲਿਖਤ ਜਚੇਗੀ ਪੂਰੀ,
ਜੇ ਸਹੀ ਹੋਊ ਸ਼ਬਦਾਂ ਦੀ ਦੂਰੀ ।

ਸ਼ੁੱਧਤਾ ਦਾ ਵੀ ਰੱਖਣਾ ਧਿਆਨ,
ਲਿਖਤਾਂ ਵਿੱਚ ਫਿਰ ਆਊ ਜਾਨ ।
ਮੁਕਤਾ, ਕੰਨਾ ਦੋਵੇ ਵੀਰ,
ਚਮਕਾਉਂਦੇ ਸਭ ਦੀ ਤਕਦੀਰ ।

ਕਿਵੇਂ ਬਣੋਗੇ ਤੁਸੀਂ ਲਿਖਾਰੀ,
ਜੇ ਨਹੀਂ ਪਾਓਗੇ ਸਿਹਾਰੀ, ਬਿਹਾਰੀ ।
ਔਂਕੜ ਮਾਂ ਬੋਲੀ ਦੀ ਪਿਆਰੀ,
ਭੈਣ ਦੂਲੈਂਕੜ ਦੀ ਹੋਂਦ ਨਿਆਰੀ ।

ਲਾਂ, ਦੁਲਾਵਾਂ ਬਿਨ ਕੰਮ ਨਾ ਚੱਲੇ,
ਬੋਲੀ ਪੰਜਾਬੀ ਬੱਲੇ-ਬੱਲੇ।
ਹੋੜਾ ਅਤੇ ਕਨੌੜਾ ਉੱਚੇ,
ਮਿਲਕੇ ਹਰਫ਼ ਰਚਾਉਂਦੇ ਸੁੱਚੇ ।

ਟਿੱਪੀ ਸੋਹੇ ਨਾਲ ਕੰਨਾਂ ਬਿੰਦੀ,
ਮਾਂ ਬੋਲੀ ਦੀ ਧੀ ਜੋ ਛਿੰਦੀ ।
ਬਿੰਦੀ, ਟਿੱਪੀ ਦੀ ਟੌਹਰ ਨਵਾਬੀ,
ਅੱਧਕ ਬਿਨ ਨਾ ਜਚੇ ਪੰਜਾਬੀ ।

ਪੈਰੀਂ ਹਾਹਾ ਬਹੁਤ ਜ਼ਰੂਰੀ,
ਪੈਰੀਂ ਰਾਰੇ, ਬਿਨ ਲਿਖਤ ਅਧੂਰੀ ।
ਸ਼ੁੱਧ ਲਿਖਾਵਟ ਨਿਖਰ ਕੇ ਆਵੇ,
ਅੱਖਰਾਂ ਪੈਰ ਜਦ ਬਿੰਦੀ ਆਵੇ ।

ਸ਼ਬਦਾਂ ਦਾ ਕਰਕੇ ਸ਼ੁੱਧ ਉਚਾਰਨ,
ਦੁਨੀਆਂ ਵਿੱਚ 'ਉਮਾ' ਬਣੋ ਉਦਾਹਰਨ ।
ਲਿਖ-ਲਿਖ ਅੱਖਰ ਸ਼ਬਦ ਬਣਾਓ,
ਮਾਂ ਬੋਲੀ ਦਾ ਰੂਪ ਸਜਾਓ ।
ਜੇਕਰ ਵਧੀਆ ਨੰਬਰ ਲੈਣੇ,
ਮੋਤੀਆਂ ਵਰਗੇ ਅੱਖਰ ਪਾਓ ।

ਗੰਦੇ ਚੂਹੇ

ਜਗਦੀਸ਼ ਬਹਾਦਰਪੁਰੀ
ਬਹਾਦਰਪੁਰ, ਸੰਗਰੂਰ
ਮੋ: 94639-85934

ਤੰਗ ਬੜਾ ਹੀ ਕਰਦੇ ਚੂਹੇ ।
ਭੋਰਾ ਵੀ ਨਾ ਡਰਦੇ ਚੂਹੇ ।।

ਚੁਸਤ ਚਲਾਕ ਨੇ ਭੂਰੇ ਕਾਲੇ।
ਲੰਬੀਆਂ ਲੰਬੀਆਂ ਪੂੰਛਾਂ ਵਾਲੇ ।

ਮੁੱਛਾਂ ਨੂੰ ਫਰਕਾਉਂਦੇ ਰਹਿੰਦੇ ।
ਅੱਖਾਂ ਨੂੰ ਮਟਕਾਉਂਦੇ ਰਹਿੰਦੇ ।

ਬੋਰੀਆਂ, ਕੱਪੜੇ, ਬੂਟ, ਜੁਰਾਬਾਂ ।
ਪੈਂਟ, ਕਮੀਜਾਂ, ਚਾਹੇ ਕਿਤਾਬਾਂ ।

ਪਲਾਂ ਅੰਦਰ ਸਭ ਟੁੱਕ ਦਿੰਦੇ ਨੇ ।
ਸਾਨੂੰ ਡਾਹਢਾ ਦੁੱਖ ਦਿੰਦੇ ਨੇ ।

ਚੂਹੀਆਂ ਵੀ ਤਾਂ ਕਹਿਰ ਕਮਾਵਣ ।
ਬੱਚੇ ਜੰਮ ਪਰਿਵਾਰ ਵਧਾਵਣ ।

ਧਰਿਆ ਢਕਿਆ ਕੁੱਝ ਨਾ ਛੱਡਦੇ ।
ਜਦੋਂ ਭਜਾਉ ਦੰਦੀਆਂ ਕੱਢਦੇ ।

ਹੋਰ ਵੀ ਇਹ ਨੇ ਕਹਿਰ ਕਮਾਉਂਦੇ ।
ਪਸ਼ੂਆਂ ਨਾਲ ਪਲੇਗ ਫੈਲਾਉਂਦੇ ।

ਮਾਰਨ ਨੂੰ ਵੀ ਦਿਲ ਨੀ ਕਰਦਾ ।
ਪਰ ਇਉਂ ਖੁੱਲੇ ਛੱਡ ਨਹੀਂ ਸਰਦਾ ।

ਫੜ ਲਉ ਭਾਈ ਪਿੰਜਰੇ ਲਾ ਕੇ ।
ਦੂਰ ਘਰਾਂ ਤੋਂ ਛੱਡ ਦਿਉ ਜਾ ਕੇ ।

ਸ਼ੇਰ ਦੀ ਪਾਰਟੀ

ਕੁਲਵਿੰਦਰ ਕੌਰ ਨੰਗਲ
ਮੋ: 98722-31840



ਸ਼ੇਰ ਦੀ ਪਾਰਟੀ ਭਾਲੂ ਆਇਆ,
ਖਾ-ਖਾ ਕੇ ਉਸ ਢੇਰ ਸੀ ਲਾਇਆ ।
ਹਰ ਸਟਾਲ ਤੇ ਜਾ ਕੇ ਖਾਧਾ,
ਕੀ ਟਿੱਕੀ ਕੀ ਡੋਸਾ ਤਾਜ਼ਾ ।
ਖੂਬ ਹੀ ਖਾਧੇ ਚਾਟ ਪਕੌੜੇ,
ਭੱਲੇ, ਕੁਲਚੇ ਖੂਬ ਮਰੋੜੇ ।
ਹਰ ਥਾਂ ਤੋਂ ਉਹ ਰੱਜ ਕੇ ਆਵੇ,
ਢਿੱਡ ਤੇ ਹੱਥ ਫੇਰਦਾ ਜਾਵੇ ।
ਗੋਲਗੱਪੇ ਸੀ ਬਾਅਦ 'ਚ ਖਾਧੇ,
ਕਾਂਜੀ ਪੀਤੀ ਚਟਕਾਰੇ ਲਾ ਕੇ ।
ਮਿੰਨਾ-ਮਿੰਨਾ ਢਿੱਡ ਸੀ ਦੁਖਿਆ,
ਪਰ ਭੋਲੂ ਨਾ ਖਾਣੋਂ ਰੁਕਿਆ ।
ਰੋਟੀ ਖਾ ਕੇ ਘਰ ਨੂੰ ਆਇਆ,
ਘਰਦਿਆਂ ਨੂੰ ਉਸ ਵਖ਼ਤ ਸੀ ਪਾਇਆ ।
ਢਿੱਡ ਪੀੜ ਸੀ ਬਾਹਲੀ ਹੋਈ,
ਰਸਤਾ ਨਾ ਥਿਆਵੇ ਕੋਈ ।
ਬਾਂਦਰ ਡਾਕਟਰ ਜਾ ਜਗਾਇਆ,
ਆਉਂਦੇ ਹੀ ਉਸ ਟੀਕਾ ਲਾਇਆ ।
ਡਾਕਟਰ ਨੇ ਸੀ ਗੱਲ ਸਮਝਾਈ,
ਸੰਜਮ ਨਾਲ ਹੀ ਖਾਵੋ ਭਾਈ ।
ਭੋਲੂ ਨੂੰ ਹੁਣ ਸਮਝ ਸੀ ਆਇਆ,
ਉਸਨੇ ਕੰਨਾਂ ਨੂੰ ਹੱਥ ਲਾਇਆ ।

ਪੈਂਤੀ ਕਿ ਇਕਤਾਲੀ ?

✍ ਗੁਰਪ੍ਰੀਤ ਕੌਰ ਧਾਲੀਵਾਲ
ਮੋ: 98780-02110

ਪੰਜਾਬੀ ਭਾਸ਼ਾ ਹੈ ਸਾਡੀ ਬੜੀ ਪਿਆਰੀ ।
ਤਾਹੀਓਂ ਬਣੀ ਹੈ ਸਾਡੇ ਦਿਲ ਦੀ ਹਾਣੀ ।

ਨਾਲ ਸਮੇਂ ਦੇ ਹੈ ਇਹ ਚੱਲਦੀ ਜਾਂਦੀ ।
ਹਰ ਥਾਂ ਤਾਹੀਓਂ ਇਹ ਆਦਰ ਪਾਂਦੀ ।

ਨਵੇਂ ਸ਼ਬਦਾਂ ਦੀ ਇਹਨੂੰ ਪੈਂਦੀ ਖੋਹ ।
ਵਿਹੜੇ ਆਪਣੇ ਬਿਠਾਵੇ ਮਿਲਜੇ ਜੋ ।

ਅਰਬੀ-ਫਾਰਸੀ ਧੁਨੀਆਂ ਸਮਾਉਣ ਨੂੰ ।
ਪਰਿਵਾਰ ਇਹ ਆਪਣਾ ਵਧਾਉਣ ਨੂੰ ।

ਪੈਰੀਂ ਬਿੰਦੀ ਵਾਲੇ ਨੇ ਸ਼ਬਦ ਬਣਾਏ ।
ਹੋਏ ਇਕਤਾਲੀ ਵਰਨਮਾਲਾ ਦੇ ਜਾਏ ।

ਵੱਖਰੀ ਧੁਨੀ ਲਈ ਵੱਖਰਾ ਅੱਖਰ ।
ਹਰ ਆਧੁਨਿਕ ਲਿੱਪੀ ਨੂੰ ਦੇਵੇ ਟੱਕਰ ।

ਖੱਬਿਓਂ ਸੱਜੇ ਨੂੰ ਇਹ ਲਿਖੀ ਹੈ ਜਾਂਦੀ ।
ਸਰਲ ਏਨੀ ਝੱਟ ਸਮਝ ਹੈ ਆਂਦੀ ।

ਸ਼ਹੀਦਾਂ ਦਾ ਹੱਕ

✍ ਕਰਨਪ੍ਰੀਤ
ਜਮਾਤ ਅੱਠਵੀਂ,
ਸ.ਸ.ਸੈ.ਸ.ਛੋਹਣ,
ਪਿੰਡ ਬੋਹੜ ਵਡਾਲਾ,
ਜ਼ਿਲ੍ਹਾ ਗੁਰਦਾਸਪੁਰ

ਕਿਸੇ ਨੂੰ ਸ਼ਹੀਦੇ ਆਜ਼ਮ,
ਕਿਸੇ ਨੂੰ ਸ਼ੇਰੇ ਪੰਜਾਬ,
ਦਰਜਾ ਦਿੱਤਾ ਉਨ੍ਹਾਂ ਦੇਸ਼-ਭਗਤਾਂ ਨੂੰ,
ਜੋ ਨਾਅਰੇ ਲਗਾਉਂਦੇ ਸੀ ।
ਇਨਕਲਾਬ ਜ਼ਿੰਦਾਬਾਦ, ਇਨਕਲਾਬ ਜ਼ਿੰਦਾਬਾਦ ।

ਕਈ ਸੰਸਦ 'ਚ
ਮੁੱਦਾ ਉਠਾਉਂਦੇ ਨੇ,
ਕਈ ਸ਼ਹੀਦ ਦਾ ਦਰਜਾ ਦੇਣ ਲਈ ।
ਜਨਤਾ 'ਤੇ ਹੱਕ ਜਤਾਉਂਦੇ ਨੇ ।
ਆਜ਼ਾਦੀ ਤਾਂ ਮਿਲ ਗਈ ਸ਼ਹੀਦਾਂ ਨੂੰ ।
ਸ਼ਹੀਦ ਦਾ ਦਰਜਾ ਨਹੀਂ ਮਿਲਿਆ ।
ਸ਼ਹੀਦ ਦਾ ਦਰਜਾ ਨਹੀਂ ਮਿਲਿਆ ।

1947 ਨੂੰ ਜਿੰਨ੍ਹਾ ਕਰਾਤਾ ਦੇਸ਼ ਆਜ਼ਾਦ,
ਸਰਕਾਰੋ ਉਨ੍ਹਾਂ ਦਾ ਤਾਂ ਹੱਕ ਦੇ ਦਿਓ !!
ਜਨਤਾ ਦਾ ਤਾਂ ਖਾਈ ਜਾਂਦੇ ਓ !
ਸਰਕਾਰੋ ਸ਼ਹੀਦਾਂ ਦਾ ਤਾਂ ਹੱਕ ਦੇ ਦਿਉ !
ਸਰਕਾਰੋ ਸ਼ਹੀਦਾਂ ਦਾ ਤਾਂ ਹੱਕ ਦੇ ਦਿਉ !

ਮੇਰੇ ਦਾਦਾ ਜੀ

✍ ਰਾਜਿੰਦਰ ਵਰਮਾ
ਮੋ: 99142-21910



ਖੁੰਡੀ ਜਦੋਂ ਖੜਕਾਉਂਦੇ ਦਾਦਾ ਜੀ ।
ਸਮਝੋ ਘਰ ਵੱਲ ਆਉਂਦੇ ਦਾਦਾ ਜੀ ।
ਨਿੱਕੀਆਂ-ਨਿੱਕੀਆਂ ਕਰਨ ਉਹ ਗੱਲਾਂ ।
ਗੱਲਾਂ ਉਨ੍ਹਾਂ ਦੀਆਂ ਪਿਆਰ ਦੀਆਂ ਛੱਲਾਂ ।
ਘਰ ਆਏ ਦਾ ਕਰੀਏ ਸਤਿਕਾਰ ।
ਲਈਏ ਢੇਰ ਸਾਰਾ ਫਿਰ ਪਿਆਰ ।
ਪੈਰੀਂ ਹੱਥ ਭੱਜ ਕੇ ਲਾਈਏ ।
ਸਿਰ ਉੱਤੇ ਫਿਰ ਹੱਥ ਧਰਾਈਏ ।
ਆਏ-ਗਏ ਨੂੰ ਪੁੱਛੀਏ ਪਾਣੀ ।
ਕਰ ਲਈਏ ਫਿਰ ਸਿਆਣੀ ।
ਬੋਲੀਏ ਘੱਟ ਸੁਣੀਏ ਵੱਧ ।
ਵਾਹਿਗੁਰੂ ਅੱਲਾ ਇਕੋ ਏ ਰੱਬ ।
ਦੂਈ-ਦਵੈਤ ਦਾ ਭੇਦ ਮਿਟਾਈਏ ।
ਇੱਕ-ਦੂਜੇ ਨੂੰ ਗਲਵਕੜੀ ਪਾਈਏ ।
ਰੱਜ-ਰੱਜ ਕੇ ਕਰੀਏ ਪੜ੍ਹਾਈ ।
ਦਾਦਾ ਜੀ ਨੇ ਗੱਲ ਸਮਝਾਈ ।

ਵਾਤਾਵਰਨ

✍ ਰਾਕੇਸ਼ ਕੁਮਾਰ
ਨੇੜੇ ਪਾਰਕ ਜੈਤੋ,
ਜ਼ਿਲ੍ਹਾ ਫਰੀਦਕੋਟ
ਮੋ: 94630-24455



ਵੱਢ ਕੇ ਰੁੱਖਾਂ ਨੂੰ ਧਰਤ ਜਾਂਦੇ ਹਾਂ ਬੰਜਰ ਬਣਾਈ ।
ਹਰ ਪਾਸੇ ਧੂੰਆਂ ਕਾਇਨਾਤ ਜਾਵੇ ਕੁਮਲਾਈ ।
ਗਰਮੀ ਨਾਲ ਪਿਘਲ ਰਹੇ ਨੇ ਬਰਫ਼ਾਂ ਦੇ ਤੋਂਦੇ ।
ਦੱਸੋ ! ਕਿਵੇਂ ਰਹਾਂਗੇ ਆਪਾਂ ਧਰਤੀ ਤੇ ਜਿਉਂਦੇ ।
ਵੱਧ ਰਿਹਾ ਗਰਮੀ-ਸਰਦੀ ਦਾ ਪਾੜਾ ।
ਮੌਸਮਾਂ, ਰੁੱਤਾਂ ਦਾ ਵਿਗੜਦਾ ਮਿਜਾਜ਼ ਮਾੜਾ ।
ਚਹੁੰ ਪਾਸੇ ਇਮਾਰਤਾਂ ਹੀ ਖੜ੍ਹੀਆਂ ਨੇ ।
ਨਾ ਲੱਗਦੀਆਂ ਸਾਵਣ ਦੀਆਂ ਝੜੀਆਂ ਨੇ ।
ਆਵੇ ਸੁਨਾਮੀ ਤੋੜ ਕੇ ਸਭ ਤੱਟ, ਕਿਨਾਰੇ ।
ਕਹਿਰ ਮਚਾਵੇ ਪਾਣੀ ਡੋਬੇ ਜੀਵ-ਜੰਤ ਸਾਰੇ ।
ਜੇ ਖ਼ਤਮ ਹੋ ਗਿਆ ਧਰਤੀ ਹੇਠਲਾ ਪਾਣੀ ।
ਫਿਰ ਸਮਝੋ ਜੀਵਨ ਦੀ ਹੋ ਗਈ ਖ਼ਤਮ ਕਹਾਣੀ ।
ਬੂੰਦ-ਬੂੰਦ ਪਾਣੀ ਦੀ ਕਰਨੀ ਹੈ ਸੰਭਾਲ ।
ਜੀਵਨ ਦਾ ਕੱਲ੍ਹ ਹੋਵੇ ਸਭ ਦਾ ਖੁਸ਼ਹਾਲ ।
ਆਓ ਵਾਤਾਵਰਨ ਨੂੰ ਸਾਫ਼ ਤੇ ਸਵੱਛ ਬਣਾਈਏ ।
ਆਪਣਾ ਬਣਦਾ ਯੋਗਦਾਨ ਇਸ ਵਿੱਚ ਪਾਈਏ ।

ਟਾਂਗੇ ਦੀ ਸਵਾਰੀ

✍ ਬਹਾਦਰ ਸਿੰਘ ਗੋਸਲ
3098, ਸੈਕਟਰ 37-ਡੀ, ਚੰਡੀਗੜ੍ਹ
ਮੋ: 98764-52223

ਕੱਲ ਸ਼ਹਿਰੋ, ਮੇਰੀ ਵੱਡੀ ਤਾਈ,
ਟਾਂਗੇ ਵਿੱਚ ਬੈਠ ਕੇ ਆਈ ।
ਟਾਂਗਾ ਨਵਾਂ ਨਕੋਰ ਸੀ ਲੱਗਦਾ,
ਅੱਗੇ ਸੋਹਣਾ ਘੋੜਾ ਭੱਜਦਾ ।
ਅੱਗੇ-ਪਿੱਛੇ ਸੀਟ ਬਣਾਈ,
ਤਾਂ ਕਿ ਬੈਠਣ ਕਈ-ਕਈ ਭਾਈ ।
ਧੁੱਪ ਮੀਂਹ ਤੋਂ ਬਚ ਕੇ ਰਹਿਣਾ,
ਤਾਂਹੀਓ ! ਉੱਪਰ ਛੱਤ ਬਣਾਈ ।
ਟਾਂਗੇ ਵਾਲੇ, ਜਦੋਂ ਛੜੀ ਘੁੰਮਾਈ,
ਘੋੜੇ ਨੇ ਵੀ ਦੌੜ ਲਗਾਈ ।
ਜਦੋਂ ਕਾਰਾਂ-ਮੋਟਰ ਨਹੀਂ ਸੀ ਆਏ,
ਟਾਂਗਾ-ਸਵਾਰੀ ਕੰਮ ਸੀ ਆਈ ।
ਕੱਚੇ ਰਾਹਾਂ ਤੇ ਦੌੜੇ ਟਾਂਗਾ,
ਘੋੜੇ, ਪੈਰਾਂ ਨਾਲ ਧੂੜ ਉਡਾਈ ।
ਕੰਮ ਪਸ਼ੂ ਤੋਂ ਲੈਣਾ ਔਖਾ,
ਪਰ ਘੋੜੇ ਖੂਬ ਸੇਵ ਕਮਾਈ ।
ਅੱਜ ਘਰ-ਘਰ ਭਾਵੇ ਕਾਰਾਂ ਖੜ੍ਹੀਆਂ,
'ਗੋਸਲ' ਨੂੰ ਯਾਦ ਟਾਂਗੇ ਦੀ ਆਈ ।

ਪਿਆਸਾ ਕਾਂ

✍ ਸੁਰਜੀਤ ਸਿੰਘ 'ਬਲਾੜੀ ਕਲਾਂ'
ਮਕਾਨ ਨੰ. 25, ਗਲੀ ਨੰ. 3,
ਨੈਸ਼ਨਲ ਐਵੀਨਿਊ, ਜਲੰਧਰ
ਮੋ: 95015-03315

ਇੱਕ ਵਾਰੀ ਇੱਕ ਕਾਂ ਪਿਆਸਾ,
ਮਿਲੇ ਨਾ ਪਾਣੀ ਫਿਰੇ ਨਿਰਾਸਾ ।

ਉੱਡਦਾ-ਫਿਰਦਾ ਕਾਂ-ਕਾਂ ਕਰਦਾ,
ਪਾਣੀ ਬਿਨ੍ਹਾਂ ਓਹ ਹੌਕੇ ਭਰਦਾ ।

ਅੰਤ ਘੜਾ ਇੱਕ ਦਿੱਸਿਆ ਦੂਰ,
ਸੋਚਿਆ ! ਪਾਣੀ ਹੋਊ ਜ਼ਰੂਰ ।

ਬੈਠਿਆ ਉਹ ਘੜੇ 'ਤੇ ਜਾ ਕੇ,
ਘੜੇ 'ਚ ਦੇਖੇ ਗਰਦਨ ਪਾ ਕੇ ।

ਚੁੰਝ ਨਾ ਪਹੁੰਚੇ ਪਾਣੀ ਤੱਕ,
ਕੀਤੀਆਂ ਕੋਸ਼ਿਸ਼ਾਂ ਉਸ ਨੇ ਲੱਖ ।

ਕਿਵੇਂ ਪੀਵਾਂ ਪਾਣੀ, ਬੁਝਾਰਤ ਗੁੱਝੀ,
ਆਖਰ ਨੂੰ ਤਰਕੀਬ ਇੱਕ ਸੁੱਝੀ ।

ਰੋੜਾ ਚੁੱਕਿਆ ਘੜੇ 'ਚ ਪਾਇਆ,
ਪਾਣੀ ਥੋੜ੍ਹਾ ਉੱਪਰ ਆਇਆ ।।

ਜਿਉਂ-ਜਿਉਂ ਰੋੜੇ ਪਾਉਂਦਾ ਜਾਵੇ,
ਪਾਣੀ ਉੱਪਰ ਨੂੰ ਪਿਆ ਆਵੇ ।

ਗਲ੍ਹੇ ਤੱਕ ਜਦ ਪਾਣੀ ਆਇਆ,
ਉਸ ਨੇ ਰੱਬ ਦਾ ਸ਼ੁੱਕਰ ਮਨਾਇਆ ।

ਪੀਤਾ ਪਾਣੀ, ਪਿਆਸ ਬੁਝਾਈ,
ਉਡਾਰੀ ਵਿੱਚ ਅਸਮਾਨ ਦੇ ਲਾਈ ।

ਬੱਚਿਓ ! ਇਹ ਗੱਲ ਸਦਾ ਰੱਖਿਓ ਯਾਦ ।
ਲੋੜ ਪੈਣ 'ਤੇ ਨਿੱਕਲੇ ਕਾਢ ।।

ਮੇਰੀ ਵਰਦੀ

✍ ਪੰਮੀ ਖੁਸ਼ਹਾਲਪੁਰੀ
ਮੋ: 94637-75760

ਸੋਹਣੀ ਮੇਰੀ ਵਰਦੀ ਤੇ ਬਸਤਾ ਵੀ ਸੋਹਣਾ,
ਵਿੱਚ ਬਸਤੇ ਦੇ ਸੋਹਣੀਆਂ ਕਿਤਾਬਾਂ,
ਲਾ ਕੇ ਨੈੱਕਟਾਈ ਜਾਵਾਂ ਪੜ੍ਹਨ ਸਕੂਲ,
ਕਾਲੇ ਬੂਟ ਪਾ ਕੇ ਚਿੱਟੀਆਂ ਜੁਰਾਬਾਂ ।

ਹਿੰਦੀ ਅੰਗਰੇਜ਼ੀ ਸਾਇੰਸ ਪੜ੍ਹਾਂ ਮੈਂ ਪੰਜਾਬੀ,
ਪੜ੍ਹਾਂ ਸ਼ੋਸ਼ਲ ਸਟੱਡੀ ਚਿੱਤ ਲਾ ਕੇ,
ਇੰਨੇ ਚੰਗੇ ਮੇਰੇ ਅਧਿਆਪਕ ਜੋ ਮੈਨੂੰ,
ਹੱਲਾ ਸ਼ੇਰੀ ਦਿੰਦੇ ਮੇਹਨਤ ਕਰਾ ਕੇ,
ਜਰਬਾਂ ਤੇ ਭਾਗ ਦੇ ਸਵਾਲਾਂ 'ਚ ਮੈਂ ਮੋਹਰੀ,
ਆਉਂਦੇ ਰਹਿੰਦੇ ਨੇ ਜੋ ਮੇਰੇ ਵਿੱਚ ਖਾਬਾਂ .....

ਮੈਡਮਾਂ ਵੀ ਇਹ ਹੀ ਸਮਝਾਉਣ ਹਰ ਵੇਲੇ,
ਕੰਮ ਜ਼ਿੰਦਗੀ 'ਚ ਆਉਂਦੀ ਏ ਪੜ੍ਹਾਈ,
ਏਸੇ ਲਈ ਨਹੀਂ ਕਰੀਦੀ ਸ਼ਰਾਰਤ ਤੇ,
ਕਦੇ ਨਾਲ ਕਿਸੇ ਦੇ ਨਹੀਂ ਕਰੀ ਦੀ ਲੜਾਈ,
ਸਿੱਖਿਆ ਸਕੂਲੋਂ ਮਿਲੇ ਜ਼ਿੰਦਗੀ ਦੇ ਵਿੱਚ,
ਕਦੇ ਪੀਣੀਆਂ ਨਹੀਂ ਸਿਗਰਟਾਂ ਸ਼ਰਾਬਾਂ .....

ਪਹਿਰਾ ਦੇਣਾ ਸੱਚ ਤੇ ਕਦੇ ਨਹੀਂ ਝੂਠ ਬੋਲਣਾ,
ਤੇ ਕਰਨੀ ਵੀ ਨਹੀਂ ਏ ਮਨ ਮਾਨੀ,
ਸਿੱਖ ਮੱਤ ਦਿੰਦੇ ਰਹਿਣ ਇਹੀ ਅਧਿਆਪਕ,
ਨਹੀਂ ਬਣਨਾ ਕਦੇ ਵੀ ਅਭਿਮਾਨੀ,
ਚੜ੍ਹਦੀ ਕਲਾ 'ਚ ਰਹਿਣਾ ਡੋਲਣਾ ਕਦੇ ਨਹੀਂ,
ਦਿਨ ਵਧੀਆ ਲੰਘਾਉਣੇ ਵਾਂਗ ਸਾਹਿਬਾਂ.....

ਮੋਨੀਟਰ ਕਲਾਸ ਦਾ ਹਾਂ ਅੱਗੇ ਬੈਠਾ ਸਭ ਤੋਂ,
ਮੈਂ ਟੀਮ ਦਾ ਹਾਂ ਵਧੀਆ ਖਿਡਾਰੀ,
ਆਉਂਦਾ ਹਾਂ ਅੱਵਲ ਹਰ ਵਾਰ ਪੱਕੇ ਪੇਪਰਾਂ 'ਚੋਂ,
ਫੇਲ ਨਹੀਂ ਹੋਇਆ ਹਾਂ ਇੱਕ ਵਾਰੀ,
ਪੜ੍ਹਾਂ ਮੈਂ ਸਕੂਲ ਪਿੰਡ ਭਾਰਟੇ ਗਨੇਸ਼ਪੁਰ,
ਰਹਿੰਦਾ ਖਿੜਿਆ ਹਾਂ ਵਾਂਗ ਮੈਂ ਗੁਲਾਬਾਂ.....

ਮੇਰਾ ਪੰਜਾਬ

✍ ਅੰਗਦਪ੍ਰੀਤ ਸਿੰਘ ਮਾਨੂੰਪੁਰੀ
ਪੰਜਵੀਂ (ਗ੍ਰੀਨ)
ਸੈਕਰਡ ਹਾਰਟ ਕਾਨਵੈਂਟ ਸਕੂਲ, ਸਮਰਾਲਾ

ਮੇਰਾ ਪੰਜਾਬ, ਮੇਰਾ ਪੰਜਾਬ ।
ਹੈ ਇਸਦਾ ਨਹੀਂ ਕੋਈ ਜਵਾਬ ।
ਪੰਜ ਪਾਣੀਆਂ ਦੀ ਧਰਤੀ ਅਖਵਾਉਂਦਾ,
ਤੇ ਮਿੱਠੇ ਗੀਤ ਪਿਆਰ ਦੇ ਗਾਉਂਦਾ ।
ਮੈਨੂੰ ਲੱਗਦਾ ਹੈ ਬੜਾ ਪਿਆਰਾ,
ਹੈ ਇੱਥੋਂ ਦਾ ਸਭ ਕੁਝ ਨਿਆਰਾ ।
ਪੰਜ ਦਰਿਆ ਨੇ ਇੱਥੇ ਵੱਗਦੇ,
ਰਹਿੰਦੇ ਲੋਕ ਇੱਥੋਂ ਦੇ ਨੱਚਦੇ ।
ਨਹੀਂ ਇੱਥੋਂ ਦਾ ਕੁਝ ਖਰਾਬ,
ਮੇਰਾ ਪੰਜਾਬ, ਮੇਰਾ ਪੰਜਾਬ ।
ਇੱਥੇ ਲੱਗਦੇ ਬਹੁਤ ਨੇ ਮੇਲੇ,
ਲੋਕ ਇੱਥੋਂ ਦੇ ਗੁਰੂਆਂ ਦੇ ਚੇਲੇ ।
ਪਿਆਰ ਲੋਕਾਂ ਦਾ ਹੈ ਪੂਰਾ ਲਾਜਵਾਬ,
ਮੇਰਾ ਪੰਜਾਬ, ਮੇਰਾ ਪੰਜਾਬ

ਛੁੱਟੀਆਂ ਵਿੱਚ ਨਾਨਕੇ

ਸੁਖਵੀਰ ਸਿੰਘ
ਮੋ: 94172-46155

ਛੁੱਟੀਆਂ ਦੇ ਵਿੱਚ ਨਾਨਕੇ ਜਾ ਕੇ,
ਖਾਣੇ ਖੀਰਾਂ ਪੂੜੇ ।
ਨਾਨਾ-ਨਾਨੀ, ਮਾਮਾ-ਮਾਮੀ,
ਰਿਸ਼ਤੇ ਬੜੇ ਹੀ ਗੂੜੇ ।
ਖਾਣੇ ਅੰਬ, ਜਾਮਨਾਂ, ਆੜੂ,
ਦੁੱਧ ਪੀਣਾ ਸ਼ੱਕਰ ਵਾਲਾ ।
ਮਾਮੇ ਦੇ ਘਰ ਮੱਝਾਂ ਗਾਂਵਾਂ,
ਮੱਖਣ ਖਾਣਾ ਵਾਹਲਾ ।
ਨਾਨੀ ਕੋਲੋਂ ਸੁਣਨੀਆਂ ਬਾਤਾਂ,
ਇੱਕ ਸੀ ਰਾਜਾ, ਇੱਕ ਸੀ ਰਾਣੀ,
ਵਿਹੜੇ ਦੇ ਵਿੱਚ ਸਾਰਿਆਂ ਸੌਣਾ,
ਪਾ ਕੂਲਰ ਵਿੱਚ ਪਾਣੀ ।
ਇੱਕ ਲਾਈਨ ਵਿੱਚ ਮੰਜੇ ਡੋਣੇ,।
ਮੈਂ ਸੌਣਾ ਸਭ ਤੋਂ ਅੱਗੇ ।
ਅੰਬਰ ਤਾਰੇ ਟਿਮਟਿਮਾਉਂਦੇ,
ਸਵਰਗ ਵਾਂਗਰਾਂ ਲੱਗੇ ।
ਸੂਹੇ ਰੰਗ ਦੇ ਨਾਨੀ ਮੈਨੂੰ,
ਦੋ ਕੁੜਤੇ ਨਵੇਂ ਸਿਵਾਏ ।
ਛੁੱਟੀਆਂ ਦੇ ਵਿੱਚ ਵਾਰੋ-ਵਾਰੀ,
ਧੋ-ਧੋ ਕੇ ਮੈਂ ਪਾਏ ।
ਨਾਨੇ ਮੈਨੂੰ ਕੋਲ ਬੈਠਾ ਕੇ,
ਇਕੋ ਗੱਲ ਸਮਝਾਈ ।
ਸਕੂਲ ਖੁੱਲ੍ਹਣ ਤੋਂ ਪਹਿਲਾਂ-ਪਹਿਲਾਂ,
ਹੋਮ ਵਰਕ ਕਰ ਭਾਈ ।

ਬਾਲ ਗੀਤ

ਜਗਦੀਸ਼ ਬਹਾਦਰਪੁਰੀ
ਬਹਾਦਰਪੁਰ, ਸੰਗਰੂਰ
ਮੋ: 94639-85934

ਮੇਰੇ ਘਰ ਵਿੱਚ ਆਂਡ ਗਵਾਂਢੋ ਹਰ ਦਿਨ ਖੇਡਣ ਆਉਂਦੇ ਬੱਚੇ ।
ਆਪਣਾ ਹੀ ਘਰ ਸਮਝ ਖੇਡਦੇ ਵਾਧੂ ਸ਼ੋਰ ਮਚਾਉਂਦੇ ਬੱਚੇ ।
ਮੇਰੇ ਘਰ .....

ਲੁੱਕਣ ਮੁੱਚੀ, ਪੀਚੋ ਬੱਕਰੀ, ਕਦੇ-ਕਦੇ ਹਨ ਗੀਤ ਸੁਣਾਉਂਦੇ ।
ਝੂਠ ਮੂਡ ਦੇ ਮੈਡਮ ਬੱਚੇ ਬਣ-ਬਣ ਕਦੇ ਸਕੂਲ ਲਗਾਉਂਦੇ ।
ਪੰਛੀਆਂ ਵਰਗੇ ਭੋਲੇ ਭਾਲੇ ਬਹੁਤ ਰੌਣਕਾਂ ਲਾਉਂਦੇ ਬੱਚੇ ।
ਮੇਰੇ ਘਰ .....

ਸੋਹਣੇ-ਸੋਹਣੇ ਮੁੱਖ ਇਹਨਾਂ ਦੇ ਫੁੱਲਾਂ ਵਰਗੇ ਨਿਖਰੇ ਨਿਆਰੇ ।
ਖਿੜ-ਖਿੜ ਕਰਕੇ ਹੱਸਦੇ ਨੇ ਜਦ ਖੁਸ਼ੀਆਂ ਦੇ ਖਿੜ ਜਾਣ ਸਿਤਾਰੇ ।
ਇਹ ਜਿੰਦਗੀ ਦਾ ਰੂਪ ਫਰਿਸ਼ਤੇ ਸਾਰੇ ਦਰਦ ਭੁਲਾਉਂਦੇ ਬੱਚੇ ।
ਮੇਰੇ ਘਰ .....

ਜਾਤ ਪਾਤ ਨਾ ਗੋਰਾ ਕਾਲਾ ਨਾ ਮਜਬਾਂ ਦੇ ਕੂੜ ਬਖੇੜੇ ।
ਨਾ ਕੋਈ ਮੈਲ ਮਨਾਂ ਵਿੱਚ ਪਲਦੀ, ਕੁਫਰ ਕੁੱਛ ਨਾ ਆਉਣ ਨੇੜੇ।
ਨਿਰਛਲ ਹਾਸੇ ਕਲੀਆਂ ਵਰਗੇ ਸਭ ਨੂੰ ਪਿਆਰ ਸਿਖਾਉਂਦੇ ਬੱਚੇ ।
ਮੇਰੇ ਘਰ .....

ਕਦੇ-ਕਦੇ ਇਹ ਲੜ ਪੈਂਦੇ ਨੇ ਰੁੱਸ ਘਰਾਂ ਨੂੰ ਨੱਸ ਜਾਂਦੇ ਨੇ ।
ਮਾਂਵਾਂ ਨੂੰ ਜਾ ਕਰਨ ਸ਼ਿਕਾਇਤਾਂ ਝੂਠ ਕਿੰਨਾ ਕੁੱਝ ਦੱਸ ਜਾਂਦੇ ਨੇ ।
ਜਗਦੀਸ਼ ! ਪਲਾਂ ਵਿੱਚ ਫਿਰ ਕੱਠੇ ਹੋ ਗਲੀਆਂ ਦੇ ਵਿੱਚ ਭਾਉਂਦੇ ਬੱਚੇ ।
ਮੇਰੇ ਘਰ .....

ਅਖਬਾਰ ਵਾਲਾ

ਡਾ. ਕੁਲਦੀਪ ਸਿੰਘ
ਮੋ: 94638-54209

ਤੜਕੇ-ਤੜਕੇ ਖੜਾਕਾ ਕਰਕੇ,
ਅੱਗੇ ਲੰਘ ਜਾਂਦਾ ।

ਤਿੰਨ ਅਖਬਾਰਾਂ ਸੁੱਟ ਲਪੇਟ ਕੇ,
ਪੈਡਲ-ਮਾਰ ਅੱਗੇ ਤੁਰ ਜਾਂਦਾ ।

ਮੀਂਹ ਹੋਵੇ ਜਾਂ ਝੱਖੜ ਹਨੇਰੀ,
ਉਹ ਰੋਜ਼ਾਨਾਂ ਆਉਂਦਾ ।

ਨਵੀਆਂ ਖਬਰਾਂ ਨਵੀਆਂ ਗੱਲਾਂ,
ਪੜ੍ਹਨ ਲਈ ਛੱਡ ਜਾਂਦਾ ।

ਕਹਾਣੀਆਂ, ਕਵਿਤਾਵਾਂ ਤੇ ਹੋਰ ਜਾਣਕਾਰੀ,
ਨਿੱਤ ਨਵੀਆਂ ਲਿਆਉਂਦਾ ।

ਸਵੇਰੇ ਸਾਰ ਉੱਠਣ ਤੋਂ ਪਹਿਲਾਂ,
ਧਿਆਨ ਅਖਬਾਰ ਵੱਲ ਜਾਂਦਾ ।

ਨਾ ਪੜੀਏ ਤਾਂ ਦਿਨ ਸਾਰ,
ਅਧੂਰਾ ਜਿਹਾ ਲੰਘ ਜਾਂਦਾ ।

ਹਰ ਮਹੀਨੇ ਦੀ ਚਾਰ ਤਰੀਕ ਨੂੰ,
ਬਿੱਲ ਲੈਣ ਆ ਜਾਂਦਾ ।

ਮਾਰ ਘੰਟੀ ਆਣ ਬੁਲਾਉਂਦਾ,
ਬਣਦੀ ਰਕਮ ਲੈ ਜਾਂਦਾ ।

ਪਰਿਵਾਰ

ਸੁੱਚਾ ਰਾਮ ਬੰਗਾ
ਬੀ.ਪੀ.ਈ.ਓ. ਬਲਾਕ ਮਾਹਿਲਪੁਰ-2,
ਜ਼ਿਲ੍ਹਾ ਹੁਸ਼ਿਆਰਪੁਰ-146105

ਪਰਿਵਾਰ ਵਿਚ ਰੱਖੋ ਸਦਾ ਇਤਫ਼ਾਕ,
ਇੱਕ ਦੂਜੇ ਉੱਤੇ ਰੱਖੋ ਰੱਬ ਜਿਹਾ ਵਿਸ਼ਵਾਸ਼ ।

ਆਪਣੇ ਪਰਿਵਾਰ ਨੂੰ ਦਿਓ ਪੂਰਾ ਟਾਈਮ,
ਵਿਸ਼ਵਾਸ਼ ਦੀ ਡਗਰ ਤੇ ਰਹੋ ਸਦਾ ਕਾਇਮ ।
ਸਾਰਿਆਂ ਨੂੰ ਦਿਓ ਬਣਦਾ ਸਤਿਕਾਰ,
ਇੱਕ ਦੂਜੇ ਉੱਤੇ ਰੱਖੋ ਰੱਬ ਜਿਹਾ ਵਿਸ਼ਵਾਸ਼ ।

ਜਿਹੜੇ ਪਰਿਵਾਰ ਸਾਂਝੇ ਦੁੱਖ-ਸੁੱਖ ਜਰਦੇ,
ਉਹ ਨਾ ਕਿਸੇ ਵੀ ਮੁਸੀਬਤ ਤੋਂ ਡਰਦੇ ।
ਚੰਗਾ ਸਭ ਹੋਣ ਦੀ ਉਹ ਰੱਖਦੇ ਆਸ,
ਇੱਕ ਦੂਜੇ ਉੱਤੇ ਰੱਖੋ ਰੱਬ ਜਿਹਾ ਵਿਸ਼ਵਾਸ਼ ।

ਪਰਿਵਾਰ ਕਿਸੇ ਦਾ ਕਦੇ ਕੋਈ ਟੁੱਟੇ ਨਾ,
ਡੋਰ ਵਿਸ਼ਵਾਸ਼ ਵਾਲੀ ਕਦੇ ਕੋਈ ਟੁੱਟੇ ਨਾ ।
'ਬੰਗਾ' ਸਾਰਿਆਂ ਲਈ ਇਹ ਕਰੇ ਅਰਦਾਸ,
ਇੱਕ ਦੂਜੇ ਉੱਤੇ ਰੱਖੋ ਰੱਬ ਜਿਹਾ ਵਿਸ਼ਵਾਸ਼ ।

ਆਉ ਦੇਸੀ ਮਹੀਨੇ ਯਾਦ ਕਰੀਏ

ਚੇਤ ਮਹੀਨਾ ਚੜਦਾ ਹੈ, ਕਣਕੀਂ ਸੋਨਾ ਮੜ੍ਹਦਾ ਹੈ
ਵਿਸਾਖ ਵਿਸਾਖੀ ਨਾਹੁੰਦੇ ਹਾਂ, ਦਾਣੇ ਘਰ ਵਿੱਚ ਲਿਆਉਂਦੇ ਹਾਂ
ਜੇਠ ਮਹੀਨਾ ਲੂਆਂ ਦਾ, ਪਾਣੀ ਸੁੱਕਦਾ ਖੂਹਾਂ ਦਾ
ਹਾੜ ਮਹੀਨਾ ਤਪਦਾ ਹੈ, ਸਾਨੂੰ ਅੰਦਰੇ ਰੱਖਦਾ ਹੈ
ਸਾਵਣ ਬੱਦਲ ਵੱਸਦੇ ਨੇ, ਅੰਬਜਮੋਏ ਰਸਦੇ ਨੇ
ਭਾਦੋਂ ਧੁੱਪਾਂ ਕਹਿਰ ਦੀਆਂ, ਝੜੀਆਂ ਕਈ-ਕਈ ਪਹਿਰ ਦੀਆਂ
ਅੱਸੂ ਮਾਹ ਨਿਰਾਲਾ ਹੈ, ਨਾ ਗਰਮੀ ਨਾ ਪਾਲਾ ਹੈ
ਕੱਤਕ ਵੰਡੇ ਚਾਨਣੀਆਂ, ਰਾਤਾਂ ਨੂੰ ਬਹਿ ਮਾਨਣੀਆਂ
ਮਘਰ ਨੂੰ ਗਲ ਲਾਉਂਦੇ ਹਾਂ, ਕੋਟ ਸਵੈਟਰ ਪਾਉਂਦੇ ਹਾਂ
ਪੋਹ ਵਿੱਚ ਪਾਲਾ ਖੇਸੀ ਦਾ, ਧੁਣੀਆਂ ਲਾ-ਲਾ ਸੇਕੀ ਦਾ
ਮਾਘ ਨਜ਼ਾਰੇ ਧੁੱਪਾਂ ਦੇ, ਪੱਤੇ ਝੜਦੇ ਰੁੱਖਾਂ ਦੇ
ਫੱਗਣ ਫੁੱਲ ਖਿੜਾਉਂਦਾ ਹੈ, ਸਭ ਦੇ ਮਨ ਨੂੰ ਭਾਉਂਦਾ ਹੈ।

ਆਨ ਲਾਈਨ ਪੜ੍ਹਾਈ

✍ ਅੰਜੂ ਵੀ ਰੱਤੀ
ਹੁਸ਼ਿਆਰਪੁਰ
ਮੋ:7009364776

ਲਾਕਡਾਊਨ ਦੀ ਏ ਹੋਈ ਸਖਤਾਈ ਬੱਚਿਓ
ਆਨ ਲਾਈਨ ਹੁਣ ਕਰੀਏ ਪੜ੍ਹਾਈ ਬੱਚਿਓ

ਇਹ ਕਰੋਨਾ ਭੈੜਾ ਆਇਆ
ਸਾਰੇ ਜੱਗ ਨੂੰ ਡਰਾਇਆ
ਹਰ ਪਾਸੇ ਸਭ ਦੇਣ ਦੁਹਾਈ ਬੱਚਿਓ
ਆਨ ਲਾਈਨ ਹੁਣ ਕਰੀਏ ਪੜ੍ਹਾਈ ਬੱਚਿਓ

ਮੂੰਹ ਢੱਕੋ ਹੱਥ ਧੋਵੋ
ਬਹੁਤਾ ਕੋਲ ਨਾ ਖਲੋਵੋ
ਆਸੇ ਪਾਸੇ ਦੀ ਵੀ ਰੱਖਿਓ ਸਫਾਈ ਬੱਚਿਓ
ਆਨ ਲਾਈਨ ਹੁਣ ਕਰੀਏ ਪੜ੍ਹਾਈ ਬੱਚਿਓ

ਵਟਸ ਐਪ ਗਰੁੱਪ ਨੇ ਬਣਾਏ
ਟੈਲੀਫੋਨ ਤੇ ਸਜਾਏ
ਅਧਿਆਪਕਾਂ ਨੇ ਗੱਲ ਇਹ ਸੁਣਾਈ ਬੱਚਿਓ
ਆਨ ਲਾਈਨ ਹੁਣ ਕਰੀਏ ਪੜ੍ਹਾਈ ਬੱਚਿਓ

ਐਸੇ ਲਿੰਕ ਬਣਾਏ
ਤੁਹਾਡੇ ਤੱਕ ਪਹੁੰਚਾਏ
ਸ਼ੁਰੂ ਹੋਈ ਨਵੇਂ ਸਾਲ ਦੀ ਪੜ੍ਹਾਈ ਬੱਚਿਓ
ਆਨ ਲਾਈਨ ਹੁਣ ਕਰੀਏ ਪੜ੍ਹਾਈ ਬੱਚਿਓ

ਵਿਹਲੇ ਸਮਾਂ ਨਾ ਗਵਾਇਓ
ਕੰਮ ਤੋਂ ਜੀਅ ਨਾ ਚੁਰਾਇਓ
'ਰੱਤੀ' ਦੋਸਤ ਬਣ ਗੱਲ ਸਮਝਾਈ ਬੱਚਿਓ
ਆਨ ਲਾਈਨ ਹੁਣ ਕਰੀਏ ਪੜ੍ਹਾਈ ਬੱਚਿਓ

ਹੌਂਸਲਾ

✍ ਸੁਖਮਨ ਸਿੰਘ
ਮੋ: 8054644224

ਇਕ ਦਿਨ ਮੇਰੀ ਜ਼ਿੰਦਗੀ ਦੀ
ਨਵੀਂ ਸੀਂ ਸ਼ੁਰੂਆਤ ਹੋਈ,
ਉਸ ਵਕਤ ਦਿਸਦੀ ਨਹੀਂ ਸੀ
ਮੈਨੂੰ ਜ਼ਿੰਦਗੀ ਦੇ ਵਿਚ ਆਸ ਕੋਈ,
ਫਿਰ ਮੇਰੀ ਮੇਰੇ ਹੌਂਸਲੇ ਨਾਲ
ਮੁਲਾਕਾਤ ਹੋਈ,
ਜੇ ਸੱਚ ਆਖਾਂ ਤਾਂ
ਮੇਰੇ ਹੌਂਸਲੇ ਵਾਂਗ
ਨਿਕਲਿਆ ਨਾ ਵਫ਼ਾਦਾਰ ਕੋਈ,
ਮੇਰੇ ਨਾਲ ਮੇਰੇ ਹੌਂਸਲੇ ਨੇ
ਦੋਸਤੀ ਇਸ ਕਦਰ ਨਿਭਾਈ
ਮੈਨੂੰ ਸਹੀ ਰਾਹ ਵੀ ਦਿਖਾਈ ਤੇ
ਮੈਨੂੰ ਮੰਜ਼ਿਲ ਵੀ ਦਿਲਾਈ ।

ਸਹਿਯੋਗੀ ਮੈਂਬਰਾਂ ਦਾ ਵਿਸ਼ੇਸ਼ ਧੰਨਵਾਦ

ਸ਼੍ਰੀਮਤੀ ਅੰਜੂ ਵੀ ਰੱਤੀ ,ਹਸ਼ਿਆਰਪੁਰ
ਸ਼੍ਰੀ ਸੁਰਿੰਦਰਪਾਲ ਢਾਂਡਾ, ਮਾਹਿਲਪੁਰ

ਚਹਿਲ-ਪਹਿਲ

ਦਰਸ਼ਨ ਸਿੰਘ 'ਆਸ਼ਟ' (ਡਾ.)
ਮੋ: 98144-23703

ਚਿੜੀਆ ਘਰ ਦੇ ਸਾਰੇ ਜੀਵ-ਜੰਤੂ ਹੈਰਾਨ ਸਨ। ਪਿਛਲੇ ਦੋ ਮਹੀਨਿਆਂ ਤੋਂ ਉਨ੍ਹਾਂ ਨੇ ਕੋਈ ਵੀ ਮਨੁੱਖ ਨਹੀਂ ਸੀ ਵੇਖਿਆ। ਇਕ ਦਿਨ ਕੁਝ ਰਿੱਛ ਤੇ ਬਾਂਦਰ ਲੋਹੇ ਦੇ ਜੰਗਲੇ ਟੱਪ ਕੇ ਆਪਣੇ ਬਾੜਿਆਂ ਵਿਚੋਂ ਨਿਕਲ ਆਏ। ਉਹ ਚਿੜੀਆ ਘਰ ਤੋਂ ਬਾਹਰ ਆ ਗਏ। ਉਨ੍ਹਾਂ ਨੇ ਸੜਕ ਕਿਨਾਰੇ ਪਏ ਕੁਝ ਪੱਥਰ ਚੁੱਕ ਲਿਆਂਦੇ ਅਤੇ ਵੱਖ-ਵੱਖ ਜਨੌਰਾਂ ਦੇ ਬਾੜਿਆਂ ਤੇ ਤਾਲੇ ਭੰਨਣ ਲੱਗੇ। ਜਦੋਂ ਸ਼ੇਰ ਦੇ ਬਾੜੇ ਦੇ ਦਰਵਾਜ਼ੇ ਦਾ ਤਾਲਾ ਭੰਨਣ ਲੱਗੇ ਤਾਂ ਕਈ ਜਨੌਰਾਂ ਦੀਆਂ ਆਵਾਜ਼ਾਂ ਆਈਆਂ, 'ਇਸਨੂੰ ਬਾਹਰ ਨਾ ਕੱਢੋ। ਇਹ ਸਾਨੂੰ ਸਾਰਿਆਂ ਨੂੰ ਖਾ ਜਾਵੇਗਾ ।'

ਸ਼ੇਰ ਆਪਣੇ ਬਾੜੇ ਦੀ ਜਾਲੀ ਰਾਹੀਂ ਸਭ ਕੁਝ ਵੇਖ ਤੇ ਸੁਣ ਰਿਹਾ ਸੀ। ਉਸ ਨੇ ਤਰਲਾ ਪਾਇਆ, 'ਉਏ ਭਰਾਵੋ, ਮੈਨੂੰ ਵੀ ਬਾਹਰ ਕੱਢ ਦਿਉ। ਮੈਂ ਵੀ ਤਾਂ ਤੁਹਾਡੇ ਵਿਚੋਂ ਹਾਂ। ਮੈਂ ਤੁਹਾਡੇ ਨਾਲ ਵਾਅਦਾ ਕਰਦਾ ਹਾਂ ਕਿ ਮੈਂ ਕਿਸੇ ਵੀ ਜਨੌਰ ਨੂੰ ਨੁਕਸਾਨ ਨਹੀਂ ਪਹੁੰਚਾਵਾਂਗਾ।'

ਜਾਨਵਰਾਂ ਨੇ ਉਸ 'ਤੇ ਤਰਸ ਖਾਧਾ। ਇਕ ਰਿੱਛ ਨੇ ਜ਼ੋਰ ਨਾਲ ਤਾਲੇ ਤੇ ਪੱਛਰ ਮਾਰਿਆ। ਤਾਲਾ ਟੁੱਟ ਗਿਆ। ਸ਼ੇਰ ਆਜ਼ਾਦ ਹੋ ਕੇ ਉਨ੍ਹਾਂ ਵਿਚ ਆ ਰਲਿਆ। ਸਾਰੇ ਜਾਨਵਰ ਜਸ਼ਨ ਮਨਾਉਣ ਲੱਗੇ। ਚਿੜੀਆ ਘਰ ਵਿਚੋਂ ਬਾਹਰ ਆ ਕੇ ਕੋਈ ਦਰਿਆ ਕੰਢੇ ਘੁੰਮਦਾ ਰਿਹਾ ਤੇ ਕੋਈ ਖੇਤਾਂ ਵੱਲ ਨਿਕਲ ਗਿਆ। ਕੋਈ ਸੁੰਨਸਾਨ ਸੜਕ ਵਿਚਕਾਰ ਆ ਬੈਠਿਆ, ਪਰ ਉਨ੍ਹਾਂ ਨੂੰ ਕੋਈ ਵੀ ਵਾਹਨ ਆਉਂਦਾ-ਜਾਂਦਾ ਵਿਖਾਈ ਨਾ ਦਿੱਤਾ ।

ਸ਼ਹਿਰ ਚਿੜੀਆ ਘਰ ਤੋਂ ਦੂਰ ਸੀ। ਸ਼ਾਮ ਨੂੰ ਸਾਰਿਆਂ ਨੇ ਫ਼ੈਸਲਾ ਕੀਤਾ ਕਿ ਸ਼ਹਿਰ ਜਾ ਕੇ ਵੇਖਿਆ ਜਾਵੇ ਕਿ ਮਨੁੱਖ ਦਾ ਕੀ ਹਾਲ ਹੈ ?

ਗਧਾ ਝੱਟ ਬੋਲਿਆ, 'ਜ਼ਿੰਦਾ ਵੀ ਏ ਕਿ...?'

ਗਾਂ ਉਸਨੂੰ ਇਕਦਮ ਝਈਆਂ ਲੈ ਕੇ ਪਈ, 'ਬੇਅਕਲਾ, ਜੇ ਸ਼ਕਲ ਚੰਗੀ ਨਹੀਂ ਤਾਂ ਗੱਲ ਤਾਂ ਅਕਲ ਦੀ ਕਰਿਆ ਕਰ ।'

ਗਧਾ ਬੋਲਿਆ, 'ਆਹਾ, ਬੜਾ ਹੇਜ਼ ਆ ਰਿਹਾ ਏ ਤੈਨੂੰ ਮਨੁੱਖ ਦਾ। ਇਹ ਉਹੀ ਨੇ ਨਾ ਜਿਹੜਾ ਥੋਡੀਆਂ ਟੰਗਾਂ ਬੰਨ੍ਹ ਕੇ ਤੁਹਾਡਾ ਸਾਰਾ ਦੁੱਧ ਚੋ ਲੈਂਦਾ ਏ। ਥੋਡੇ ਵੱਛੇ-ਵੱਛੀਆਂ ਦੁੱਧ ਲਈ ਤਰਸਦੇ ਈ ਰਹਿ ਜਾਂਦੇ ਨੇ ਤੇ ਖਾਣ ਨੂੰ ਦਿੰਦਾ ਏ ਨਿਰੀ ਤੂੜੀ...।'

ਸ਼ੇਰ ਨੇ ਉਨ੍ਹਾਂ ਨੂੰ ਵਾਧਾ ਨਾ ਵਧਾਉਣ ਬਾਰੇ ਕਿਹਾ ਤੇ ਅਗਲੇ ਦਿਨ ਸਵੇਰੇ ਸ਼ਹਿਰ ਜਾਣ ਦਾ ਨਿਰਣਾ ਹੋ ਗਿਆ। ਸਵੇਰ ਹੋਈ। ਸਾਰੇ ਜਣੇ ਬੜੇ ਪ੍ਰਸੰਨ ਸਨ। ਪਹਿਲੀ ਵਾਰੀ ਇੰਨੀ ਖੁੱਲ੍ਹ ਜੁ ਮਿਲੀ ਸੀ। ਉਹ ਸ਼ਹਿਰ ਵੱਲ ਜਾ ਰਹੇ ਸਨ। ਬਾਂਦਰ, ਰਿੱਛ, ਕੁੱਤਾ, ਲੂੰਮੜ, ਗਿੱਦੜ, ਬੱਕਰੇ ਭੰਗੜਾ ਪਾ ਰਹੇ ਸਨ। ਗਧਾ ਢੋਲ ਵਜਾ ਰਿਹਾ ਸੀ। ਬਿੱਲੀਆਂ, ਗਿੱਦੜੀਆਂ ਸਾੜ੍ਹੀਆਂ ਵਿਚ ਖੂਬ ਸਜ ਧਜ ਕੇ ਗਿੱਧਾ ਪਾਉਂਦੀਆਂ ਨੱਚ ਰਹੀਆਂ ਸਨ। ਤੋਤਾ ਬੋਲੀ ਤੇ ਬੋਲੀ ਪਾ ਰਿਹਾ ਸੀ। ਕਈ ਲੂੰਮੜੀਆਂ, ਬੱਕਰੀਆਂ ਤੇ ਬਾਂਦਰੀਆਂ ਸੈਲਫੀ ਲੈਂਦੀਆਂ ਹੋਈਆਂ ਇੱਕ ਦੂਜੇ ਵਿਚ ਵੱਜ ਰਹੀਆਂ ਸਨ। ਜ਼ਿਰਾਫ ਅਨੌਖੇ ਢੰਗ ਨਾਲ ਛੱਤਾਂ 'ਤੇ ਖੜ੍ਹੇ ਅਤੇ ਘਰਾਂ ਦੀਆਂ

ਬਾਰੀਆਂ ਵਿਚੋਂ ਤੱਕ ਰਹੇ ਲੋਕਾਂ ਦੀ ਵੀਡੀਓ ਬਣਾ ਰਿਹਾ ਸੀ। ਊਠ ਨੇ ਕੈਮਰਾ ਗਲ ਵਿੱਚ ਪਾਇਆ ਸੀ। ਉਹ ਵਿੰਗਾ-ਟੇਢਾ ਹੋ ਕੇ ਵੱਡਿਆਂ ਅਤੇ ਬੱਚਿਆਂ ਦੀਆਂ ਫੋਟੋਆਂ ਖਿੱਚਦਾ ਹੋਇਆ ਕਈ ਵਾਰੀ 'ਸਮਾਈਲ ਪਲੀਜ਼' ਕਹਿ ਚੁੱਕਾ ਸੀ। ਜਦੋਂ ਕਿ ਉਨ੍ਹਾਂ ਸਾਰਿਆਂ ਨੇ ਮਾਸਕ ਬੰਨ੍ਹੇ ਹੋਏ ਸਨ ।

ਸਾਰੇ ਜਨੌਰ ਸ਼ਹਿਰ ਆ ਗਏ। ਉਨ੍ਹਾਂ ਵੇਖਿਆ, ਲੋਕ ਆਪਣੇ ਘਰਾਂ ਦੀਆਂ ਛੱਤਾਂ 'ਤੇ ਇਕ-ਦੂਜੇ ਤੋਂ ਦੂਰੀ ਬਣਾ ਕੇ ਖੜ੍ਹੇ ਸਨ। ਉਨ੍ਹਾਂ ਨੂੰ ਠੀਕ-ਠਾਕ ਵੇਖ ਕੇ ਜਨੌਰਾਂ ਨੇ ਸੁੱਖ ਦਾ ਸਾਹ ਲਿਆ। ਸਾਰੇ ਜਨੌਰ ਇਕ ਵੱਡੇ ਚੌਕ ਵਿਚ ਆ ਗਏ। ਸ਼ੇਰ ਨੇ ਉੱਚੀ ਆਵਾਜ਼ ਵਿਚ ਪੁੱਛਿਆ, 'ਹੇ ਮਨੁੱਖ ! ਤੂੰ ਆਪਣੇ ਘਰਾਂ ਵਿਚ ਕਿਉਂ ਬੰਦ ਏਂ ? ਵੱਡੇ ਅਤੇ ਬੱਚੇ ਹੁਣ ਚਿੜੀਆ ਘਰ ਵਿਚ ਸਾਨੂੰ ਵੇਖਣ ਲਈ ਕਿਉਂ ਨਹੀਂ ਆ ਰਹੇ ?'

ਇਕ ਆਦਮੀ ਬੋਲਿਆ, 'ਤੁਹਾਨੂੰ ਨਹੀਂ ਪਤਾ? ਦੁਨੀਆਂ ਵਿਚ ਇਕ ਭਿਆਨਕ ਬਿਮਾਰੀ ਫੈਲੀ ਹੋਈ ਏ। ਇਸ ਕਰਕੇ ਲੌਕਡਾਊਨ ਦੀ ਸਥਿਤੀ ਵਿਚੋਂ ਲੰਘ ਰਹੇ ਹਾਂ।'

ਗਿੱਦੜ ਨੇ ਪੁੱਛਿਆ, 'ਲੌਕਡਾਊਨ ! ਇਹ ਕੀ ਹੁੰਦੈ ? ਲੂੰਮੜੀ ਨੇ ਐਨਕ ਠੀਕ ਕੀਤੀ ਅਤੇ ਬੋਲੀ, 'ਲੌਕਡਾਊਨ ਦਾ ਮਤਲਬ ਘਰਾਂ ਵਿਚੋਂ ਬਾਹਰ ਨਾ ਨਿਕਲਣਾ। ਸਮਝੋ ਘਰਾਂ ਨੂੰ ਤਾਲੇ ਲਗਾ ਕੇ ਅੰਦਰ ਬੰਦ ਰਹਿਣਾ।'

ਫਿਰ ਸ਼ੇਰ ਬੋਲਣ ਲੱਗਾ। ਸਾਰੇ ਪਾਸੇ ਚੁੱਪ ਛਾ ਗਈ। ਸ਼ੇਰ ਨੇ ਕਿਹਾ, 'ਤੁਹਾਨੂੰ ਪਤੈ ਕਿ ਕੁਦਰਤ ਅੱਜਕੱਲ੍ਹ ਬਹੁਤ ਖੁਸ਼ ਏ।' 'ਹੈਂ ? ਸਾਡੇ ਤਾਂ ਸਾਹ ਸੂਤੇ ਪਏ ਨੇ ਤੇ ਕੁਦਰਤ ਖੁਸ਼ ਏ ? ਕਿਵੇਂ ? ਸਾਨੂੰ ਵੀ ਤਾਂ ਦੱਸੋ। ਅਸੀਂ ਤਾਂ ਦੋ ਮਹੀਨਿਆਂ ਤੋਂ ਘਰੋਂ ਬਾਹਰ ਪੈਰ ਈ ਨਹੀਂ ਪੁੱਟਿਆ ।' ਕਈ ਆਵਾਜ਼ਾਂ ਆਈਆਂ ।

'ਸੁਣੋ ਫੇਰ...।' ਸ਼ੇਰ ਨੇ ਕਿਹਾ, 'ਦਰਿਆਵਾਂ ਦਾ ਪਾਣੀ ਬੜਾ ਸਾਫ਼ ਹੋ ਕੇ ਵਗ ਰਿਹਾ ਏ। ਬਿਲਕੁਲ ਅਸਮਾਨ ਵਰਗਾ।'

ਜ਼ਿਰਾਫ ਬੋਲਿਆ, 'ਮੈਂ ਖ਼ੁਦ ਦਰਿਆ ਵਿਚ ਡੌਲਫਿਨਾਂ ਵੇਖ ਕੇ ਆਇਆ ਹਾਂ।'

ਹਾਥੀ ਬੋਲਿਆ, 'ਹਵਾ ਵੀ ਬਹੁਤ ਸ਼ੁੱਧ ਤੇ ਸਾਫ਼ ਵਗਣ ਲੱਗ ਪਈ ਏ। ਪਹਿਲਾਂ ਤਾਂ ਸਾਹ ਘੁੱਟਦਾ ਸੀ। ਸਾਨੂੰ ਵੀ ਮੂੰਹਾਂ 'ਤੇ ਕਈ ਵਾਰੀ ਇਸ ਤਰ੍ਹਾਂ ਪੱਟੀ ਬੰਨ੍ਹਣੀ ਪੈਂਦੀ ਸੀ ਜਿਵੇਂ ਹੁਣ ਤੁਸੀਂ ਬੰਨ੍ਹੀਆਂ ਹੋਈਆਂ ਨੇ।'

ਤੋਤਾ ਬੋਲਿਆ, 'ਜਿੱਧਰ ਵੇਖੋ। ਹਰਿਆਵਲ ਈ ਹਰਿਆਵਲ। ਨਿੱਕੇ-ਨਿੱਕੇ ਬੂਟੇ ਵੱਡੇ ਹੁੰਦੇ ਜਾ ਰਹੇ ਨੇ। ਕੱਟ-ਕਟਾਈ ਦਾ ਸਿਲਸਿਲਾ ਬੰਦਾ ਹੈ।'

ਉੱਲੂ, ਬਗਲਾ, ਕਾਂ, ਬਾਜ਼, ਹੰਸ ਵੀ ਕੁਝ ਕਹਿਣ ਲਈ ਅੱਗੇ ਆਏ, ਪਰ ਮਨੁੱਖ ਹੱਥ ਬੰਨ੍ਹ ਕੇ ਬੋਲਿਆ, 'ਹੇ ਜੀਵ ਜੰਤੂਓ, ਬਸ ਕਰੋ ਰੱਬ ਦੇ ਵਾਸਤੇ। ਸਾਨੂੰ ਹੋਰ ਸ਼ਰਮਿੰਦਾ ਨਾ ਕਰੋ। ਅਸੀਂ ਬਥੇਰੀ ਭੁਗਤ ਲਈ ਏ। ਸਾਨੂੰ ਪਤੈ ਕੁਦਰਤ ਨਾਲ ਖਿਲਵਾੜ ਅਸੀਂ ਹੀ ਕੀਤਾ ਸੀ। ਅਸੀਂ ਖੁੱਲ੍ਹੀ ਆਬੋ ਹਵਾ ਲਈ ਤਰਸ ਗਏ ਹਾਂ। ਸਾਨੂੰ ਮੁਆਫ਼ ਕਰ ਦਿਉ ।'

ਕੁਝ ਬੱਚੇ ਬੋਲ, 'ਅਸੀਂ ਉਹ ਗਲਤੀਆਂ ਨਹੀਂ ਦੁਹਰਾਵਾਂਗੇ, ਜਿਹੜੀਆਂ ਸਾਡੇ ਵੱਡਿਆਂ ਨੇ ਕੀਤੀਆਂ ਹਨ। ਅਸੀਂ ਆਪਦੀ ਕੁਦਰਤ ਨੂੰ ਹਮੇਸ਼ਾਂ ਸਵੱਛ ਰੱਖਾਂਗੇ। ਧਰਤੀ, ਪਾਣੀ ਤੇ ਹਵਾ ਦਾ ਪੂਰਾ ਖ਼ਿਆਲ ਰੱਖਾਂਗੇ। ਇਹ ਸਾਡਾ ਤੁਹਾਡੇ ਨਾਲ ਵਾਅਦਾ ਏ।' ਬੱਚਿਆਂ ਦੀਆਂ ਇਕੱਠੀਆਂ ਆਵਾਜ਼ਾ ਆਈਆਂ।

ਜਾਨਵਰ ਬੋਲੇ, 'ਹਾਂ, ਬੱਚਿਓ, ਸਾਨੂੰ ਪਤਾ ਏ ਕਿ ਤੁਸੀਂ ਕਦੇ ਝੂਠ ਨਹੀਂ ਬੋਲਦੇ। ਤੁਹਾਡੀ ਆਵਾਜ਼ ਰੱਬ ਦੀ ਆਵਾਜ਼ ਹੁੰਦੀ ਏ। ਅਸੀਂ ਸਾਰੇ ਇਹ ਕਾਮਨਾ ਕਰਦੇ ਹਾਂ ਕਿ ਮਨੁੱਖੀ ਜ਼ਿੰਦਗੀ ਵਿਚ ਫਿਰ ਰੌਣਕ ਆ ਜਾਵੇ। ਬਸ, ਇਨ੍ਹਾਂ ਦਿਨਾਂ ਵਿਚ ਤੁਹਾਨੂੰ ਡਾਕਟਰਾਂ ਦੀਆਂ ਹਦਾਇਤਾਂ ਦਾ ਇਮਾਨਦਾਰੀ ਨਾਲ ਪਾਲਣ ਕਰਨ ਦੀ ਲੋੜ ਹੈ।'

ਇਕ ਦਿਨ ਚਿੜੀਆ ਘਰ ਦੇ ਜਾਨਵਰਾਂ ਦੇ ਕੰਨਾਂ ਵਿਚ ਮਨੁੱਖ ਦੇ ਗਾਉਣ ਦੀ ਆਵਾਜ਼ ਪਈ, 'ਅਸੀਂ ਹੋ ਗਏ ਕਾਮਯਾਬ...।' ਵਾਤਾਵਰਣ ਵਿਚ ਪਹਿਲਾਂ ਵਾਲੀ ਚਹਿਲ-ਪਹਿਲ ਮੁੜ ਪਰਤ ਆਈ ।

ਬੋਹੜ ਦੀ ਛਾਂ

ਜਸਵੀਰ ਸਿੰਘ ਰਾਣਾ
ਮੋਬਾ: 98156-59220

''ਅੱਜ ਮੇਰਾ ਸਕੂਲ ਵਿੱਚ ਜੀਅ ਨਹੀਂ ਲੱਗਿਆ.....।'' ਮੈਂ ਘਰ ਆਉਣ ਸਾਰ ਮਾਂ ਨੂੰ ਦੱਸਿਆ।

''ਕਿਉਂ ਪੁੱਤ !.....ਕੀ ਗੱਲ ਹੋ ਗਈ ਸਕੂਲ 'ਚ.....!!'' ਉਹ ਹੈਰਾਨੀ ਨਾਲ ਬੋਲੀ ।

ਉਹਦਾ ਸਵਾਲ ਸੁਣ ਮੈਥੋਂ ਬੋਲਿਆ ਨਾ ਗਿਆ। ਅੱਖਾਂ ਵਿੱਚ ਹੰਝੂ ਆ ਗਏ ।

ਮਾਂ ਨੇ ਮੈਨੂੰ ਗੋਦੀ ਵਿੱਚ ਘੁੱਟ ਲਿਆ, ''ਲੈ ਹੈਅ ਕਮਲਾ ਨਾ ਹੋਵੇ.....!....ਰੋਨਾ ਦੱਸ ਕਿਉਂ ਐਂ!.... ਭਲਾ ਗੱਲ ਕੀ ਹੋ ਗਈ ਸਕੂਲ 'ਚ !....ਦੱਸ ਮੈਨੂੰ.....।''

ਪਿਆਰ ਨਾਲ ਪੁੱਛਦੀ ਹੋਈ ਉਹ ਮੇਰੇ ਸਿਰ 'ਤੇ ਹੱਥ ਫੇਰਨ ਲੱਗ ਪਈ । ਰੋਂਦਾ-ਰੋਂਦਾ ਮੈਂ ਸੋਚਣ ਲੱਗ ਪਿਆ। ਉਹ ਮੇਰੀਆਂ ਅੱਖਾਂ ਪੂੰਝਣ ਲੱਗ ਪਈ।

ਜਦੋਂ ਮੈਂ ਚੁੱਪ ਕਰ ਗਿਆ। ਉਹ ਕਹਿੰਦੀ, ''ਹਾਂ ਹੁਣ ਦੱਸ....!''

''ਉਹ ਵੱਢਤਾ ਮਾਂ....!'' ਦੱਸਣ ਲੱਗਿਆ ਮੇਰਾ ਹੌਂਕਾ ਨਿਕਲ ਗਿਆ ।

ਮਾਂ ਨੇ ਮੇਰੀ ਪਿੱਠ 'ਤੇ ਹੱਥ ਰੱਖ ਲਿਆ । ਮੈਂ ਫਿਰ ਦੱਸਣ ਲੱਗ ਪਿਆ, ''ਮਾਂ....ਕੱਲ੍ਹ ਕਿਸੇ ਨੇ..... ਉਹ ਸਾਡੇ ਸਕੂਲ ਆਲਾ....ਬੋਹੜ ਵੀ ਵੱਢਤਾ....!!''

''ਹਾਏ-ਹਾਏ ਵੇ ਮਰਜੋਂ ਤੁਸੀਂ !..... ਆਪਣੀਆਂ ਦੀ ਜੜ੍ਹਾਂ ਵੱਢੀ ਜਾਨੇ ਓਂ !..... ਦੱਸ ਉਹ ਥੋਨੂੰ ਕੀ ਕਹਿੰਦਾ ਸੀ !....ਛਾਂ ਈ ਦਿੰਦਾ ਸੀ.....।'' ਮੇਰੀ ਗੱਲ ਸੁਣ ਮਾਂ ਵੱਢਣ ਵਾਲਿਆਂ ਨੂੰ ਗਾਲ੍ਹਾਂ ਕੱਢਣ ਲੱਗ ਪਈ ।

ਮੈਂ ਕਿਹਾ, ''ਗਾਲ੍ਹਾਂ ਨਾ ਕੱਢ ਮਾਂ.....''

''ਵੇ ਹੋਰ ਦੱਸ ਕੀ ਕਰਾਂ.....?'' ਉਹ ਮੇਰੇ ਵੱਲ ਵੇਖਣ ਲੱਗ ਪਈ ।

''ਮੈਨੂੰ ਇਹ ਦੱਸ ਮਾਂ ਮੈਂ ਕੀ ਕਰਾਂ !..... ਜਿਸ ਨਾਲ ਛਾਂ ਵਾਪਿਸ ਆ ਜਾਵੇ.....!!'' ਉਹਦੀ ਗੋਦ

ਵਿੱਚੋਂ ਉਤਰ ਮੈਂ ਧਰਤੀ 'ਤੇ ਜਾ ਖੜ੍ਹਿਆ ।

ਮੇਰੀ ਗੱਲ ਸੁਣ ਉਹ ਕੁੱਝ ਸੋਚਣ ਲੱਗ ਪਈ। ਮੈਂ ਉਹਦੇ ਮੂੰਹ ਵੱਲ ਵੇਖਣ ਲੱਗ ਪਿਆ ।

ਕੁਝ ਪਲ ਬਾਅਦ ਉਹਨੇ ਮੈਨੂੰ ਇਸ਼ਾਰੇ ਨਾਲ ਕੋਲ ਸੱਦਿਆ। ਮੈਂ ਉਸਦੇ ਨਜ਼ਦੀਕ ਜਾ ਰਿਹਾ। ਉਹਨੇ ਮੇਰੇ ਕੰਨ ਵਿੱਚ ਇੱਕ ਗੱਲ ਦੱਸੀ। ਮੈਂ ਖੁਸ਼ੀ ਵਿੱਚ ਚੀਕਾਂ ਮਾਰਨ ਲੱਗ ਪਿਆ। ਉਹ ਮੈਨੂੰ ਕੁਝ ਸਮਝਾਉਣ ਲੱਗ ਪਈ। ਮੈਂ ਉਹਦੀ ਸਾਰੀ ਸਕੀਮ ਸਮਝ ਗਿਆ ।

''ਸਮਝ ਗਿਆ ਨਾ ਮੇਰੀ ਗੱਲ !..... ਚੱਲ ਹੁਣ ਚੱਲੀਏ.....।'' ਹੱਸਦੀ ਹੋਈ ਮਾਂ ਉੱਠ ਕੇ ਖੜ੍ਹੀ ਹੋ ਗਈ।

ਉਹਨੇ ਕੰਧ ਕੋਲ ਪਈ ਕਹੀ ਚੁੱਕ ਲਈ। ਮੈਂ ਬਾਲਟੀ ਚੁੱਕ ਲਈ ।

ਉਹ ਅੱਗੇ-ਅੱਗੇ ਤੁਰ ਪਈ। ਮੈਂ ਉਹਦੇ ਪਿੱਛੇ-ਪਿੱਛੇ ਤੁਰ ਪਿਆ ।

ਰਾਹ ਵਿੱਚ ਰੋਡੂ ਕਾ ਘਰ ਆ ਗਿਆ। ਮਾਂ ਉਨ੍ਹਾਂ ਦੇ ਘਰ ਮੁਹਰੇ ਖੜ੍ਹ ਗਈ ।

ਰੋਡੂ ਦਾ ਬਾਪੂ ਮਾਹੋਰਾਣੇ ਵਾਲੀ ਨਰਸਰੀ ਵਿੱਚ ਲੱਗਿਆ ਹੋਇਆ ਸੀ। ਪਰਸੋਂ ਸਾਡੇ ਘਰੇ ਖੇਡਣ ਆਇਆ ਉਹ ਦੱਸਦਾ ਸੀ, ''ਕੱਲ੍ਹ ਮੇਰਾ ਬਾਪੂ ਬੋਹੜ ਦੇ

ਬੂਟੇ ਲੈ ਕੇ ਆਇਆ ''।

''ਨੀਂ ਰੋਡੂ ਦੀ ਮਾਂ ਘਰੇ ਈ ਐਂ !..... ਲਿਆ ਇੱਕ ਬੋਹੜ ਸਕੂਲ 'ਚ ਲਾ ਕੇ ਆਈਏ ।'' ਘਰ ਅੰਦਰ ਵੜ੍ਹਨ ਸਾਰ ਮਾਂ ਨੇ ਹਾਕ ਮਾਰੀ ।

''ਆਜੋ ਭਾਈ ਆਜੋ !... ਲੈ ਜਾਓ ਬੋਹੜ ਵੀ!.... ਇਹ ਤਾਂ ਨੇਕੀ ਦਾ ਕੰਮ ਐ!.....ਜਾਹ ਵੇ ਰੋਡੂ ਤੂੰ ਵੀ ਇਨ੍ਹਾਂ ਨਾਲ ਜਾਹ.....!!'' ਰੋਡੂ ਨੂੰ ਬੋਹੜ ਦਾ ਬੂਟਾ ਫੜਾਉਂਦੀ ਹੋਈ ਉਹਦੀ ਮਾਂ ਸਿਰ ਦੀ ਚੁੰਨੀ ਠੀਕ ਕਰਨ ਲੱਗ ਪਈ ।

ਉਹਦੇ ਹੱਥ ਮਿੱਟੀ ਨਾਲ ਲਿੱਬੜੇ ਪਏ ਸਨ। ਮੈਨੂੰ ਉਨ੍ਹਾਂ ਵਿੱਚੋਂ ਮਿੱਟੀ ਦੀ ਮਹਿਕ ਆਈ ।

ਮੈਂ ਰੋਡੂ ਵੱਲ ਵੇਖਣ ਲੱਗ ਪਿਆ। ਬੋਹੜ ਚੁੱਕੀ ਉਹ ਤਿਆਰ ਖੜ੍ਹਾ ਸੀ।

''ਚਲੋ ਆਜੋ....!!'' ਕਹੀ ਚੁੱਕੀ ਖੜ੍ਹੀ ਮਾਂ ਬਾਹਰ ਨੂੰ ਤੁਰ ਪਈ ।

ਮੈਂ ਤੇ ਰੋਡੂ ਉਹਦੇ ਪਿੱਛੇ ਤੁਰ ਪਏ ।

ਅੱਗੇ-ਪਿੱਛੇ ਤੁਰਦੇ ਅਸੀਂ ਸਕੂਲ ਜਾ ਪਹੁੰਚੇ।

ਪਰ੍ਹਾਂ ਗਰਾਉਂਡ ਵਿੱਚ ਕੰਧ ਲਵੇ ਪੱਟੇ ਗਏ ਬੋਹੜ ਦਾ ਟੋਆ ਵੇਖ ਮੇਰੀ ਚੀਕ ਨਿਕਲ ਗਈ। ਉਹਦੀ ਛਾਂ ਹੇਠਾਂ ਸਾਡੀ ਕਲਾਸ ਲੱਗਦੀ ਹੁੰਦੀ ਸੀ।

ਮੈਂ ਕਲਾਸ ਵਿੱਚ ਬੈਠਾ ਸਾਰਾ ਦਿਨ ਉਸ ਟੋਏ ਵੱਲ ਵੇਖੀ ਗਿਆ ਸੀ ।

''ਲੈ ਆਹ ਵੇਖੋ.....!ਐਥੇ ਲਾ ਦੇਈਏ....।'' ਕਹੀ ਨਾਲ ਟੋਆ ਪੁੱਟਦੀ ਹੋਈ ਮਾਂ ਬੋਲੀ ।

ਅਸੀਂ ਹਾਂ ਵਿੱਚ ਸਿਰ ਹਿਲਾ ਦਿੱਤਾ। ਉਹ ਟੋਆ ਡੂੰਘਾ ਕਰਨ ਲੱਗ ਪਈ ।

''ਜਾਹ ਤੂੰ ਪਾਣੀ ਲਿਆ'' ਬਾਲਟੀ ਚੁੱਕ ਮੈਂ ਟੂਟੀ ਤੋਂ ਪਾਣੀ ਲੈਣ ਚਲਿਆ ਗਿਆ ।

ਰੋਡੂ ਵੀ ਮੇਰੇ ਨਾਲ ਸੀ। ਜਦੋਂ ਅਸੀਂ ਵਾਪਿਸ ਆਏ, ਟੋਆ ਤਿਆਰ ਸੀ ।

ਉਸ ਵਿੱਚੋਂ ਮਿੱਟੀ ਕੱਢਦੀ ਹੋਈ ਮਾਂ ਕਹਿੰਦੀ, ''ਲਿਆ ਹੁਣ ਆਹ ਬੋਹੜ ਫੜਾ।''

ਰੋਡੂ ਨੇ ਮਾਂ ਨੂੰ ਬੂਟਾ ਫੜਾ ਦਿੱਤਾ। ਉਹਨੇ ਧਰਤੀ ਵਿੱਚ ਰੱਖ ਦਿੱਤਾ ।

''ਲਓ ਹੁਣ ਮਿੱਟੀ ਨਾਲ ਇਸ ਦੀਆਂ ਜੜ੍ਹਾਂ ਢਕ ਦੇਵੋ'' ਬਾਹਰ ਕੱਢੀ ਮਿੱਟੀ ਟੋਏ ਵਿੱਚ ਪਾਉਂਦੀ ਹੋਈ ਮਾਂ ਨੇ ਸਾਨੂੰ ਇਸ਼ਾਰਾ ਕੀਤਾ ।

ਅਸੀਂ ਵੀ ਮਿੱਟੀ ਪਾਉਣ ਲੱਗ ਪਏ। ਜਦੋਂ ਜੜ੍ਹ ਮਿੱਟੀ ਵਿੱਚ ਲੁੱਕ ਗਈ ।

ਮਾਂ ਠੰਡੀ ਛਾਂ ਵਾਂਗ ਬੋਲੀ, ''ਲੈ ਹੁਣ ਇਸ ਵਿੱਚ ਪਾਣੀ ਪਾ ਦੇ....!!''

ਮੈਂ ਬਾਲਟੀ ਚੁੱਕ ਪਾਣੀ ਪਾਉਣ ਲੱਗ ਪਿਆ । ਰੋਡੂ ਟੋਏ ਦੁਆਲੇ ਮਿੱਟੀ ਦੀ ਵੱਟ ਬਨਾਉਣ ਲੱਗ ਪਿਆ।

''ਯਾਦ ਰੱਖਿਓ!.....ਬੋਹੜ ਦੀ ਛਾਂ ਕਦੇ ਮਰਦੀ ਨਹੀਂ ਹੁੰਦੀ।'' ਮਾਂ ਸਾਡੀ ਪਿੱਠ ਥਾਪੜਨ ਲੱਗ ਪਈ ।

ਬਾਲ ਸਾਹਿਤਕਾਰ ਸੁਖਦੇਵ ਮਾਦਪੁਰੀ ਨੂੰ ਸ਼ਰਧਾਂਜਲੀ ਭੇਟ

ਅਦਾਰੇ ਵਲੋਂ ਉੱਘੇ ਸ਼੍ਰੋਮਣੀ ਬਾਲ ਸਾਹਿਤਕਾਰ ਸ਼੍ਰੀ ਸੁਖਦੇਵ ਮਾਦਪੁਰੀ ਦੇ ਬੇਵਕਤਾ ਚਲਾਣੇ ਤੇ ਸ਼ਰਧਾਂਜਲੀ ਭੇਟ ਕੀਤੀ ਗਈ। ਰਸਾਲੇ ਦੇ ਸੰਪਾਦਕ ਬਲਜਿੰਦਰ ਮਾਨ ਅਤੇ ਪ੍ਰਬੰਧਕਾਂ ਨੇ ਕਿਹਾ ਕਿ ਉਹ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਪ੍ਰਕਾਸ਼ਿਤ ਕੀਤੇ ਜਾਣ ਵਾਲੇ ਬਾਲ ਰਸਾਲੇ ਪੰਖੜੀਆਂ ਅਤੇ ਪ੍ਰਾਇਮਰੀ ਸਿੱਖਿਆ ਦੇ ਲੰਬਾ ਸਮਾਂ ਸੰਪਾਦਕ ਰਹੇ। ਉਹਨਾਂ ਆਪਣੇ ਕਾਰਜਕਾਲ ਦੌਰਾਨ ਨਵੇਂ ਬਾਲ ਲੇਖਕਾਂ ਨੂੰ ਇਹਨਾਂ ਰਸਾਲਿਆਂ ਰਾਹੀਂ ਉਤਸ਼ਾਹਿਤ ਕੀਤਾ। ਬਾਲ ਸਾਹਿਤ ਅਤੇ ਪੰਜਾਬੀ ਸੱਭਿਆਚਾਰ ਤੇ ਖੋਜ ਕਾਰਜ ਵੀ ਕੀਤਾ ਜਿਸ ਵਾਸਤੇ ਉਹਨਾਂ ਨੂੰ 1995 ਵਿਚ ਸ਼੍ਰੋਮਣੀ ਬਾਲ ਸਾਹਿਤ ਪੁਰਸਕਾਰ ਨਾਲ ਨਿਵਾਜਿਆ ਗਿਆ। ਬਾਲ ਲੇਖਿਕਾ ਸੁਰਿੰਦਰ ਕੌਰ ਰੋਮੀ ਨੂੰ ਵੀ ਅਦਾਰੇ ਵਲੋਂ ਸ਼ਰਧਾਂਜਲੀ ਭੇਟ ਕੀਤੀ ਗਈ। ਸਾਹਿਤ ਜਗਤ ਨੂੰ ਉਹਨਾਂ ਦੇ ਤੁਰ ਜਾਣ ਨਾਲ ਜੋ ਘਾਟਾ ਪਿਆ ਹੈ ਉਹ ਕਦੀ ਪੂਰਿਆ ਨਹੀਂ ਜਾ ਸਕਦਾ। ਪ੍ਰਮਾਤਮਾ ਉਹਨਾਂ ਨੂੰ ਆਪਣੇ ਚਰਨਾਂ ਵਿਚ ਸਥਾਨ ਬਖਸ਼ੇ।

ਬਘਿਆੜ ਦਾ ਸ਼ਿਕਾਰ

ਕ੍ਰਿਸ਼ਨ ਕੁਮਾਰ ਰੱਤੂ

ਇਹ ਨਾਗਾਲੈਂਡ ਦੀ ਇੱਕ ਬਹੁਤ ਪੁਰਾਣੀ ਕਹਾਣੀ ਹੈ। ਇੱਕ ਕੁੱਤੀ ਸ਼ਿਕਾਰ ਦੀ ਖੋਜ ਵਿੱਚ ਨਿਕਲੀ। ਉਸ ਦੇ ਨਾਲ ਉਹਦੇ ਨਿੱਕੇ-ਨਿੱਕੇ ਬੱਚੇ ਵੀ ਸਨ।

ਅਚਾਨਕ ਤੇਜ਼ ਹਨੇਰੀ ਆਈ ਤੇ ਕੁੱਤੀ ਤੇ ਉਸ ਦੇ ਬੱਚੇ ਵੱਖ-ਵੱਖ ਹੋ ਗਏ । ਤੇਜ਼ ਤੂਫ਼ਾਨ ਵਿੱਚ ਕੁੱਤੀ ਰਾਹ ਭਟਕ ਗਈ ਤੇ ਜੰਗਲ ਵਿੱਚ ਮਰ ਗਈ ।

ਕੁੱਤੀ ਦੇ ਬੱਚੇ ਬੜੇ ਭੁੱਖੇ ਸਨ। ਉਹ ਸਾਰੀ ਰਾਤ ਉੱਚੀ-ਉੱਚੀ ਭੌਂਕਦੇ ਰਹੇ । ਪਰ ਕੁੱਤੀ ਵਾਪਿਸ ਨਾ ਆਈ ।

ਅਚਾਨਕ ਓਧਰੋਂ ਇੱਕ ਲੱਕੜਹਾਰਾ ਲੰਘਿਆ ਤਾਂ ਉਸ ਨੇ ਬੱਚਿਆਂ ਨੂੰ ਕਿਹਾ, ''ਤੁਹਾਡੀ ਮਾਂ ਨੂੰ ਸ਼ੇਰ ਨੇ ਮਾਰ ਦਿੱਤਾ ਹੈ। ਹੁਣ ਉਹ ਕਦੀ ਵੀ ਤੁਹਾਡੇ ਲਈ ਸ਼ਿਕਾਰ ਨਹੀਂ ਲਿਆਵੇਗੀ ।''

ਉਹ ਹੋਰ ਉੱਚੀ ਭੌਂਕਣ ਲੱਗੇ ਪਰ ਤਦ ਹੀ ਕੁੱਤੀ ਦੇ ਇੱਕ ਬੱਚੇ ਨੇ ਕਿਹਾ, ''ਧਰਤੀ ਤੇ ਆਕਾਸ਼ ਵਿੱਚੋਂ ਸਭ ਤੋਂ ਬਹਾਦਰ ਕੌਣ ਹੈ ?''

ਲੱਕੜਹਾਰੇ ਨੇ ਕਿਹਾ, ''ਸ਼ੇਰ ਸਭ ਤੋਂ ਜ਼ਿਆਦਾ ਤਾਕਤਵਰ ਹੈ।''

ਕੁੱਤੀ ਦੇ ਬੱਚੇ ਸ਼ੇਰ ਦੇ ਘਰ ਪਹੁੰਚੇ । ਉਹ ਸ਼ੇਰ ਅੱਗੇ ਬਹੁਤ ਰੋਏ ਤੇ ਚਿਲਾਏ। ਸ਼ੇਰ ਨੇ ਉਹਨਾਂ ਨੂੰ ਯਕੀਨ ਦਿਵਾਇਆ ਕਿ ਉਹਨੇ ਉਹਨਾਂ ਦੀ ਮਾਂ ਨੂੰ ਨਹੀਂ ਮਾਰਿਆ ਹੈ। ਸਗੋਂ ਬਘਿਆੜ ਨੇ ਮਾਰਿਆ ਹੈ। ਤੁਸੀਂ ਆਰਾਮ ਕਰੋ ? ਕੱਲ੍ਹ ਮੈਂ ਬਘਿਆੜ ਨੂੰ ਪੁੱਛਾਂਗਾ।

ਕੁੱਤੀ ਦੇ ਬੱਚੇ ਰੋ ਕੇ ਚੁੱਪ ਚਾਪ ਸੌਂ ਗਏ। ਰਾਤ ਨੂੰ ਬੜੀ ਤੇਜ਼ ਹਨੇਰੀ ਆਈ। ਕੁੱਤੀ ਦੇ ਬੱਚੇ ਜਾਗ ਪਏ।

ਉਹ ਬੜਾ ਡਰ ਗਏ ਸਨ ।

ਤਦ ਉਹਨਾਂ ਨੇ ਸ਼ੇਰ ਤੋਂ ਪੁੱਛਿਆ, ''ਇਸ ਹਾਥੀ ਵਰਗੀ ਦਹਾੜਦੀ ਹੋਈ ਹਨੇਰੀ ਤੋਂ ਕੌਣ ਨਹੀਂ ਡਰਦਾ'' ਤਾਂ ਉਹਨਾਂ ਨੂੰ ਸ਼ੇਰ ਨੇ ਕਿਹਾ, ''ਹਾਥੀ ਇਸ ਹਨੇਰੀ ਤੋਂ ਨਹੀਂ ਡਰਦਾ ਹੈ। ਪਰ ਤੁਸੀਂ ਫਿਕਰ ਨਾ ਕਰੋ, ਬਘਿਆੜ, ਜਿਸ ਨੇ ਤੁਹਾਡੀ ਮਾਂ ਨੂੰ ਸ਼ਿਕਾਰ ਬਣਾਇਆ ਹੈ, ਮੈਥੋਂ ਬਚ ਕੇ ਨਹੀਂ ਜਾ ਸਕੇਗਾ ।''

ਅਗਲੀ ਰਾਤ ਫਿਰ ਕੁੱਤੀ ਦੇ ਬੱਚਿਆਂ ਨੇ ਹਾਥੀ ਨੂੰ ਪੁੱਛਿਆ, ''ਤੇਜ਼ ਹਨੇਰੀ ਤੋਂ ਕੌਣ ਬਚ ਸਕਦਾ ਹੈ ?''

''ਸਿਰਫ ਆਦਮੀ'' ਹਾਥੀ ਨੇ ਜਵਾਬ ਦਿੱਤਾ।

''ਤਾਂ ਅਸੀਂ ਆਦਮੀ ਨੂੰ ਆਖਦੇ ਹਾਂ ਕਿ ਸਾਡੀ ਮਾਂ ਦਾ ਬਦਲਾ ਲਏ । ਉਹ ਤੇਜ਼ ਹਨੇਰੀ ਤੋਂ ਨਹੀਂ ਡਰਦਾ ਹੈ ਨਾ।''

ਅਗਲੇ ਦਿਨ ਕੁੱਤੀ ਦੇ ਬੱਚੇ ਇਕ ਆਦਮੀ ਕੋਲ ਪਹੁੰਚੇ ।

ਉਹਨਾਂ ਨੇ ਉਸ ਆਦਮੀ ਨੂੰ ਸਾਰੀ ਕਹਾਣੀ ਸੁਣਾਈ ।

ਉਹਨਾਂ ਨੇ ਕਿਹਾ, ''ਜੇਕਰ ਉਹ ਬਘਿਆੜ ਨੂੰ ਮਾਰ ਦੇਵੇ ਤਾਂ ਉਹਨਾਂ ਦਾ ਦੁੱਖ ਹੌਲਾ ਹੋ ਸਕਦਾ ਹੈ।'' ਉਸ ਆਦਮੀ ਨੇ ਉਹਨਾਂ ਨੂੰ ਬੜਾ ਹੌਸਲਾ ਦਿੱਤਾ।

ਉਸ ਰਾਤ ਫਿਰ ਤੇਜ਼ ਹਨੇਰੀ ਆਈ। ਆਦਮੀ ਨੇ ਕੁੱਤੀ ਦੇ ਬੱਚਿਆਂ ਨੂੰ ਕਿਹਾ, ''ਡਰੋ ਨਾ, ਇਹ ਤੁਹਾਡਾ ਕੁਝ ਵੀ ਨਹੀਂ ਵਿਗਾੜ ਸਕਦੀ।''

ਕੁੱਤੀ ਦੇ ਬੱਚੇ ਇਹ ਸੁਣ ਕੇ ਬਹੁਤ ਖੁਸ਼ ਹੋਏ। ਉਹਨਾਂ ਨੂੰ ਜਾਪਿਆ - ਇਹ ਆਦਮੀ ਜ਼ਰੂਰ ਬਘਿਆੜ ਨੂੰ ਮਾਰ ਦੇਵੇਗਾ ।

ਉਸ ਆਦਮੀ ਨੇ ਕੁੱਤੀ ਦੇ ਬੱਚਿਆਂ ਨੂੰ ਕਿਹਾ, ''ਤੁਸੀਂ ਪਾਣੀ ਲੈ ਕੇ ਆਓ ਮੈਂ ਸ਼ਿਕਾਰ ਲਈ ਹਥਿਆਰ ਤੇਜ਼ ਕਰ ਲਵਾਂ ।''

ਕੁੱਤੀ ਦੇ ਬੱਚੇ ਪਾਣੀ ਲੈ ਆਏ, ਉਸ ਆਦਮੀ ਨੇ ਆਪਣਾ ਕੁਹਾੜਾ ਤੇਜ਼ ਕਰ ਲਿਆ।

ਫਿਰ ਉਹਨਾਂ ਨੇ ਆਪਣਾ ਖਾਣਾਂ ਬਣਾਇਆ ਅਤੇ ਬਘਿਆੜ ਨੂੰ ਮਾਰਨ ਦੀਆਂ ਤਰਕੀਬਾਂ ਸੋਚਣ ਲੱਗੇ।

ਉਹਨਾਂ ਜੰਗਲ ਵਿੱਚ ਬਘਿਆੜ ਨੂੰ ਖੋਜਣਾ ਅਰੰਭ ਕੀਤਾ। ਇੱਕ ਥਾਂ ਤੇ ਉਹਨਾਂ ਨੂੰ ਬਘਿਆੜ ਦੇ ਪੈਰਾਂ ਦੇ ਨਿਸ਼ਾਨ ਵਿਖਾਈ ਦਿੱਤੇ ।

ਫਿਰ ਤਿੰਨਾਂ ਨੇ ਦੁਬਾਰਾ ਸਕੀਮ ਬਣਾਈ। ਉਹਨਾਂ ਦੀ ਸਕੀਮ ਅਨੁਸਾਰ ਉਹ ਬਘਿਆੜ ਨੂੰ ਸ਼ਿਕਾਰ ਦਾ ਲਾਲਚ ਦੇ ਕੇ ਉਸ ਨੂੰ ਭੌਂਕਣਗੇ ਅਤੇ ਘੇਰ ਕੇ ਉਸ ਵੱਲ ਲਿਆਉਣਗੇ। ਇੰਜ ਆਦਮੀ ਉਸ ਦਾ ਸ਼ਿਕਾਰ ਕਰ ਲਏਗਾ ।

ਅਚਾਨਕ ਉਹਨਾਂ ਨੂੰ ਸਾਹਮਣਿਉਂ ਆਉਂਦਾ ਹੋਇਆ ਬਘਿਆੜ ਦਿਖਾਈ ਦਿੱਤਾ ਅਤੇ ਕੁੱਤੀ ਦੇ ਬੱਚੇ ਉਸ ਨੂੰ ਉੱਚੀ-ਉੱਚੀ ਭੌਂਕਣ ਲੱਗੇ ।

ਬਘਿਆੜ ਘਬਰਾ ਗਿਆ ਅਤੇ ਤੇਜ਼ ਭੱਜਣ ਲੱਗਾ। ਸਾਹਮਣੇ ਖੜ੍ਹੇ ਆਦਮੀ ਨੇ ਜ਼ੋਰ ਨਾਲ ਆਪਣੀ ਕਿਰਪਾਨ ਬਘਿਆੜ ਨੂੰ ਮਾਰੀ ।

ਬਘਿਆੜ ਨੇ ਇੱਕ ਲੰਮੀ ਚੀਕ ਮਾਰੀ ਤੇ ਠੰਡਾ ਹੋ ਗਿਆ ।

ਕੁੱਤੀ ਦੇ ਬੱਚੇ ਖੁਸ਼ੀ ਨਾਲ ਉਛਲ ਪਏ, ''ਸਾਡੀ ਮਾਂ ਨੂੰ ਬਘਿਆੜ ਨੇ ਮਾਰਿਆ। ਬਘਿਆੜ ਨੂੰ ਮਾਰਿਆ ਇਸ ਆਦਮੀ ਨੇ। ਆਦਮੀ ਸਭ ਤੋਂ ਮਹਾਨ ਹੈ। ਇਹ ਹੀ ਸਾਡੀ ਰੱਖਿਆ ਕਰ ਸਕਦਾ ਹੈ।'' ਸੋ ਉਸ ਦਿਨ ਤੋਂ ਲੈ ਕੇ ਨਾ ਕੁੱਤੇ ਨੇ ਅੱਜ ਤੀਕ ਆਦਮੀ ਦਾ ਸਾਥ ਛੱਡਿਆ ਹੈ ਅਤੇ ਨਾ ਆਦਮੀ ਨੇ ਹੀ । ਪੁਰਾਣੇ ਜ਼ਮਾਨੇ ਤੋਂ ਹੀ ਜਦੋਂ ਨਾਗਾਲੈਂਡ ਵਿੱਚ ਆਦਮੀ ਸ਼ਿਕਾਰ ਕਰਦੇ ਹਨ, ਤਦ ਉਹ ਉਸ ਵਿੱਚੋਂ ਕੁੱਤਿਆਂ ਦਾ ਹਿੱਸਾ ਉਹਨਾਂ ਨੂੰ ਪਾਉਣਾ ਨਹੀਂ ਭੁੱਲਦੇ ।

ਬਿੰਦਰ ਬਸਰਾ ਨੂੰ ਉਰਮਿਲਾ ਆਨੰਦ ਪੁਰਸਕਾਰ ਲਈ ਮੁਬਾਰਕਾਂ

ਉੱਘੇ ਸਾਹਿਤਕਾਰ ਸ਼੍ਰੀ ਬਿੰਦਰ ਬਸਰਾ ਦੀ ਸਾਲ 2019 ਦੀ ਬਿਹਤਰੀਨ ਕਹਾਣੀ 'ਕੱਲ੍ਹ ਵੀ ਆਉਣੈਂ'ਨੂੰ ਉਰਮਿਲਾ ਆਨੰਦ ਪੁਰਸਕਾਰ ਮਿਲਣ ਤੇ ਅਦਾਰੇ ਵਲੋਂ ਮੁਬਾਰਕਾਂ

ਬਦਨੀਤੀ ਦਾ ਫ਼ਲ

ਹਰਿੰਦਰ ਸਿੰਘ ਗੋਗਨਾ
ਮੋਬਾ: 98723-25960



ਚੰਪੂ ਬਾਂਦਰ ਸਕੂਲ ਤਾਂ ਕਦੇ ਗਿਆ ਨਹੀਂ ਸੀ ਪਰ ਅਕਸਰ ਸਕੂਲ ਦੇ ਬਾਹਰ ਖੜ੍ਹੇ ਸੰਘਣੇ ਰੁੱਖ 'ਤੇ ਬੈਠਾ ਰਹਿੰਦਾ ਸੀ। ਸਕੂਲ ਵਿੱਚ ਪੜ੍ਹਨ ਵਾਲੇ ਜਾਨਵਰਾਂ ਨੂੰ ਦੇਖਦਾ ਰਹਿੰਦਾ। ਇੱਕ ਦਿਨ ਉਸ ਨੇ ਦੇਖਿਆ ਕਿ ਹੇਠਾਂ ਸੜਕ ਤੋਂ ਇੱਕ ਟੈਂਪੂ ਵਾਲਾ ਗੁਜ਼ਰ ਰਿਹਾ ਸੀ। ਉਸ ਦੇ ਟੈਂਪੂ ਵਿੱਚ ਦੁੱਧ ਦੀਆਂ ਤਾਜ਼ੀਆਂ ਥੈਲੀਆਂ ਸਨ। ਅਚਾਨਕ ਹੀ ਟੈਂਪੂ ਕੁਝ ਦੇਰ ਲਈ ਰੁੱਖ ਹੇਠ ਰੁੱਕ ਗਿਆ। ਚੰਪੂ ਨੇ ਮੌਕੇ ਦੇ ਫਾਇਦਾ ਉਠਾਇਆ ਤੇ ਟੈਂਪੂ ਵਿੱਚ ਕੁੱਦ ਕੇ ਦੋ ਦੁੱਧ ਦੀਆਂ ਥੈਲੀਆਂ ਚੁਰਾ ਲਈਆਂ ਤੇ ਆਪਣੇ ਟਿਕਾਣੇ ਤੇ ਜਾ ਬੈਠਾ। ਪਰ ਕੁਝ ਦੇਰ ਪਹਿਲਾਂ ਹੀ ਉਸ ਨੇ ਕਿਸੇ ਦਾ ਭੋਜਨ ਚੁਰਾ ਕੇ ਖਾਧਾ ਸੀ। ਇਸ ਲਈ ਫਿਲਹਾਲ ਉਸ ਦਾ ਪੇਟ ਭਰਿਆ ਹੋਇਆ ਸੀ। ਇਹ ਇੰਤਜ਼ਾਮ ਉਸ ਨੇ ਸ਼ਾਮ ਦੀ ਖੁਰਾਕ ਲਈ ਕੀਤਾ ਸੀ। ਸੋਚਿਆ ਅੱਜ ਦੁੱਧ ਪੀ ਕੇ ਹੀ ਸੌਂ ਜਾਵੇਗਾ। ਥੋੜ੍ਹੀ ਦੇਰ ਬਾਅਦ ਉਸ ਨੇ ਸਕੂਲ ਦੀ ਘੰਟੀ ਸੁਣੀ ਤਾਂ ਸਮਝ ਗਿਆ ਕਿ ਛੁੱਟੀ ਹੋ ਗਈ ਹੈ। ਸਭ ਜਾਨਵਰ ਆਪੋ ਆਪਣੇ ਘਰਾਂ ਨੂੰ ਚਲੇ ਗਏ ਸਨ। ਪਰ ਸਕੂਲ ਵਿੱਚ ਪੜ੍ਹਦੀਆਂ ਦੋ ਬਿੱਲੀਆਂ ਰੁੱਖ ਹੇਠ ਆ ਕੇ ਆਪਸ ਵਿੱਚ ਲੜ ਰਹੀਆਂ ਸਨ। ਚੰਪੂ ਨੇ ਹੇਠਾਂ ਨਿਗ੍ਹਾ ਮਾਰੀ ਤਾਂ ਸਾਰਾ ਮਾਜਰਾ ਸਮਝ ਗਿਆ। ਦੋਵੇਂ ਬਿੱਲੀਆਂ ਇੱਕ ਬੰਦ ਡੱਬੇ ਪਿੱਛੇ ਆਪਸ ਵਿੱਚ ਉਲਝ ਰਹੀਆਂ ਸਨ। ਇੱਕ ਆਖ ਰਹੀ ਸੀ ਕਿ ਇਹ ਬਰਫੀ ਦਾ ਡੱਬਾ ਮੇਰਾ ਹੈ ਤੇ ਦੂਜੀ ਆਖ ਰਹੀ ਸੀ ਇਸ 'ਤੇ ਪਹਿਲਾਂ ਮੇਰੀ ਨਜ਼ਰ ਪਈ ਹੈ ਇਸ ਲਈ ਇਹ ਮਠਿਆਈ ਉਹ ਇਕੱਲੀ ਖਾਵੇਗੀ। ਚੰਪੂ ਨੇ ਬੜੇ ਦਿਨਾਂ ਤੋਂ ਮਠਿਆਈ ਨਈਂ ਸੀ ਖਾਧੀ । ਬਰਫ਼ੀ ਦਾ ਨਾਂ ਸੁਣਦੇ ਹੀ ਉਸ ਦੇ ਮੂੰਹ ਵਿੱਚ ਪਾਣੀ ਭਰ ਆਇਆ ਸੀ। ਉਹ ਤੇਜ਼ੀ ਨਾਲ ਹੇਠਾਂ ਆਇਆ ਤੇ ਕਹਿਣ ਲੱਗਾ, "ਮੈਂ ਤੁਹਾਡੀਆਂ ਗੱਲਾਂ ਸੁਣ ਲਈਆਂ ਹਨ। ਲੜਨ ਦੀ ਲੋੜ ਨਹੀਂ। ਤੁਸੀਂ ਪੜ੍ਹੀਆਂ ਲਿਖੀਆਂ ਹੋ ਐਵੇਂ ਨਿੱਕੀ ਜਿਹੀ ਗੱਲ ਪਿੱਛੇ ਆਪਸ ਵਿੱਚ ਲੜਨਾ ਚੰਗੀ ਗੱਲ ਨਹੀਂ। ਸਿਆਣੇ ਕਹਿੰਦੇ ਹਨ ਕਿ ਸਾਨੂੰ ਵੰਡ ਕੇ ਖਾਣਾ ਚਾਹੀਦਾ ਹੈ। ਫਿਰ ਇਸ ਮਠਿਆਈ ਪਿੱਛੇ ਕਾਹਦਾ ਲੜਨਾ। ਇਹ ਡੱਬਾ ਮੇਰੇ ਹਵਾਲੇ ਕਰ ਦਿਉ । ਮੈਂ ਹੁਣੇ ਦੁੱਧ ਦਾ ਦੁੱਧ, ਪਾਣੀ ਦਾ ਪਾਣੀ ਕਰ ਦਿੰਦਾ ਹਾਂ।"

"ਬਸ ਬਸ ਰਹਿਣ ਦੇ ਵੱਡਿਆ ਚਲਾਕਾ.... ਤੇਰਾ ਕੀ ਭਰੋਸਾ ਇਹ ਮਠਿਆਈ ਤੂੰ ਆਪ ਹੀ ਡਕਾਰ ਜਾਵੇਂ।" ਭੂਰੀ ਬਿੱਲੀ ਨੇ ਚੰਪੂ ਬਾਂਦਰ ਨੂੰ ਕਿਹਾ।

"ਨਾਲੇ ਸਾਨੂੰ ਤਾਂ ਭੁੱਖ ਲੱਗੀ ਐ..... ਉਪਰੋਂ ਇਹ ਡੱਬਾ ਵੀ ਖੁੱਲ੍ਹ ਨਹੀਂ ਰਿਹਾ।" ਕਾਲੀ ਬਿੱਲੀ ਨੇ ਮਠਿਆਈ ਦਾ ਡੱਬਾ ਖੋਲ੍ਹਣ ਦੀ ਕੋਸ਼ਿਸ਼ ਕਰਦਿਆਂ ਕਿਹਾ। ਚੰਪੂ ਨੇ ਮੌਕਾ ਸੰਭਾਲਦਿਆਂ ਕਿਹਾ, "ਲਿਆਓ....ਇਹ ਮਰਦਾਂ ਦਾ ਕੰਮ ਐ..... ਤੁਹਾਡੇ ਵਸ ਦੀ ਗੱਲ ਨਹੀਂ। ਮੈਂ ਇਸ ਨੂੰ ਹੁਣੇ ਖੋਲ੍ਹ ਦੇਵਾਂਗਾ....।"

"ਸ਼ਰਤ ਰਹੀ ਜੇ ਨਾ ਖੁੱਲ੍ਹਿਆ ਤਾਂ....?" ਭੂਰੀ ਬਿੱਲੀ ਨੇ ਕਿਹਾ ।

"ਮੇਰੇ ਕੋਲ ਆਹ ਦੋ ਦੁੱਧ ਦੀਆਂ ਥੈਲੀਆਂ ਨੇ.... ਇਹ ਤੁਹਾਡੀਆਂ.....। ਤਦ ਤੱਕ ਤੁਸੀਂ ਇਹ ਪੀਵੋ..... ਮੈਂ ਇੱਕ ਮਿੰਟ ਵਿੱਚ ਇਸ ਨੂੰ ਖੋਲ੍ਹ ਦੇਵਾਂਗਾ.....।" ਚੰਪੂ ਨੇ ਮਠਿਆਈ ਦੇ ਲਾਲਚ ਵਿੱਚ ਕਿਹਾ। ਦੋਹਾਂ ਬਿੱਲੀਆਂ ਨੂੰ ਉਸ ਦੀ ਇਹ ਸ਼ਰਤ ਮਨਜ਼ੂਰ ਸੀ। ਦੋਹਾਂ ਨੇ ਦੁੱਧ ਦੀ ਇੱਕ-ਇੱਕ ਥੈਲੀ ਲਈ ਤੇ ਫਿਰ ਉਸ ਦੇ ਕੋਨੇ ਨੂੰ ਦੰਦ ਮਾਰ ਕੇ ਪੀਣ ਲੱਗੀਆਂ। ਇੱਧਰ ਚੰਪੂ ਮਠਿਆਈ ਦੇ ਡੱਬੇ ਨੂੰ ਖੋਲ੍ਹਣ ਵਿੱਚ ਜੱਦੋ ਜਹਿਦ ਕਰ ਰਿਹਾ ਸੀ। ਉਸ ਦਾ ਇਰਾਦਾ ਸੀ ਕਿ ਜਿਵੇਂ ਹੀ ਡੱਬਾ ਖੁੱਲ੍ਹੇਗਾ ਉਹ ਦੋਹਾਂ ਬਿੱਲੀਆਂ ਨੂੰ ਧਮਕਾ ਕੇ ਉਥੋਂ ਨਠਾਂ ਦੇਵੇਗਾ ਤੇ ਸਾਰੀ ਮਠਿਆਈ ਇਕੱਲਾ ਹੀ ਖਾ ਲਵੇਗਾ । ਪਰ ਡੱਬਾ ਸੀ ਕਿ ਖੁੱਲ੍ਹਣ ਦਾ ਨਾਂ ਨਹੀਂ ਸੀ ਲੈ ਰਿਹਾ। ਬਿੱਲੀਆਂ ਉਸ ਦੀ ਹਾਲਤ 'ਤੇ ਹੱਸ ਰਹੀਆਂ ਸਨ ਤੇ ਇੱਕ ਦੂਜੇ ਦੇ ਮੂੰਹ ਵੱਲ ਦੇਖ ਰਹੀਆਂ ਸਨ। ਥੋੜ੍ਹੀ ਦੇਰ ਬਾਅਦ ਵੀ ਜਦੋਂ ਚੰਪੂ ਤੋਂ ਡੱਬਾ ਨਾ ਖੁੱਲ੍ਹਿਆ ਤਾਂ ਭੂਰੀ ਬਿੱਲੀ ਬੋਲੀ, "ਸਾਨੂੰ ਦੇਰ ਹੋ ਰਹੀ ਐ.....ਘਰ ਦੇ ਫ਼ਿਕਰ ਕਰ ਰਹੇ ਹੋਣਗੇ। ਅਸੀਂ ਚਲਦੀਆਂ ਹਾਂ..... ਜੇ ਤੁਸੀਂ ਇਸ ਕੋਸ਼ਿਸ਼ ਵਿੱਚ ਕਾਮਯਾਬ ਹੋਵੋ ਤਾਂ ਸਾਡਾ ਹਿੱਸਾ ਰੱਖ ਦੇਣਾ..... ਕੱਲ੍ਹ ਸਵੇਰੇ ਲੈ ਲਵਾਂਗੀਆਂ।"

"ਹਾਂ ਹਾਂ.....ਤੁਸੀਂ ਜਾਉ.....।" ਚੰਪੂ ਤਾਂ ਇਹੋ ਚਾਹੁੰਦਾ ਸੀ ਕਿ ਉਹ ਉਥੋਂ ਜਾਣ। ਉਸ ਨੇ ਝੱਟ ਕਿਹਾ। ਬਿੱਲੀਆਂ ਦੇ ਜਾਣ ਮਗਰੋਂ ਵੀ ਉਹ ਕਾਫੀ ਸਮਾਂ ਡੱਬਾ ਖੋਲ੍ਹਣ ਲਈ ਤਰਲੋ ਮੱਛੀ ਹੁੰਦਾ ਰਿਹਾ ਪਰ ਡੱਬਾ ਕਿੱਥੋਂ ਖੁੱਲ੍ਹਦਾ ? ਆਖਿਰ ਉਸ ਨੇ ਕਾਫੀ ਸਮੇਂ ਬਾਅਦ ਕਿਸੇ ਤਰ੍ਹਾਂ ਉਹ ਮਠਿਆਈ ਦਾ ਡੱਬਾ ਖੋਲ੍ਹ ਹੀ ਲਿਆ। ਪਰ ਇਹ ਕੀ ਉਸ ਵਿੱਚ ਤਾਂ ਕਚਰਾ ਭਰਿਆ ਗਿਆ ਸੀ। ਚੰਪੂ ਮਾਰੇ ਸ਼ਰਮ ਦੇ ਆਪਣਾ ਸਿਰ ਖੁਜਲਾਉਂਦਾ ਰਹਿ ਗਿਆ। ਉਹ ਸਮਝ ਗਿਆ ਕਿ ਬਿੱਲੀਆਂ ਨੇ ਉਸਨੂੰ ਮੂਰਖ ਬਣਾਇਆ ਹੈ। ਤਦੇ ਉਸ ਕੋਲ ਟੈਨੀ ਰਿੱਛ ਆਇਆ ਤੇ ਸਾਰੀ ਗੱਲ ਸੁਣ ਕੇ ਹੱਸਦਿਆਂ ਬੋਲਿਆ, "ਦੇਖਿਆ ਪੜ੍ਹੇ ਲਿਖੇ ਤੇ ਅਨਪੜ੍ਹ ਵਿੱਚ ਫ਼ਰਕ । ਉਹ ਪੜ੍ਹੀਆਂ ਲਿਖੀਆਂ ਬਿੱਲੀਆਂ ਤੁਹਾਨੂੰ ਬੇਵਕੂਫ ਬਣਾ ਗਈਆਂ। ਹੁਣ ਉਹ ਜ਼ਮਾਨਾ ਗਿਆ ਜਦੋਂ ਤੁਹਾਡੇ ਇੱਕ ਪੁਰਖੇ ਨੇ ਬਿੱਲੀਆਂ ਨੂੰ ਮੂਰਖ ਬਣਾ ਕੇ ਉਨ੍ਹਾਂ ਦੀ ਰੋਟੀ ਖਾ ਲਈ ਸੀ। ਉਨ੍ਹਾਂ ਦੀ ਨਜ਼ਰ ਤੁਹਾਡੀਆਂ ਦੁੱਧ ਦੀਆਂ ਥੈਲੀਆਂ 'ਤੇ ਸੀ। ਸੋ ਉਨ੍ਹਾਂ ਨੇ ਪੂਰੀ ਯੋਜਨਾ ਨਾਲ ਇੱਕ ਡੱਬੇ ਵਿੱਚ ਕਚਰਾ ਭਰ ਕੇ ਉਸ ਨੂੰ ਆਲੇ ਦੁਆਲੇ ਤੋਂ ਪੱਕੀ ਗੂੰਦ ਨਾਲ ਬੰਦ ਕਰ ਦਿੱਤਾ ।"

ਟੈਨੀ ਦੀ ਗੱਲ ਸੁਣ ਕੇ ਚੰਪੂ ਨੂੰ ਆਪਣੇ ਆਪ 'ਤੇ ਹੋਰ ਵੀ ਗੁੱਸਾ ਆ ਰਿਹਾ ਸੀ। ਉਹ ਖੁਦ ਨੂੰ ਕੋਸਦਾ ਹੋਇਆ ਉਥੋਂ ਖਿਸਕ ਗਿਆ ।

ਬੁਝਾਰਤਾਂ

1. ਕਾਲਾ ਸੀ ਕਲਿਤਰ ਸੀ
   ਕਾਲੇ ਪਿਉ ਦਾ ਪੁੱਤਰ ਸੀ
   ਸਿਰ ਦੇ ਵਾਲ ਚਰਦਾ ਸੀ
   ਭੱਜ ਗੁਥਲੀ ਵਿਚ ਵੜਦਾ ਸੀ ।

2. ਭੱਜੀ ਜਾ ਭਜਾਈ ਜਾ
   ਸਿੰਗਾਂ ਨੂੰ ਹੱਥ ਪਾਈ ਜਾ ।

3. ਖਾ ਸਕਦੇ ਹਾਂ
   ਪਰ ਵੇਖ ਨਹੀਂ ਸਕਦੇ ।

4. ਤੇਰੀ ਭਰਜਾਈ ਦੀ ਭਰਜਾਈ
   ਉਹਦੀ ਨਣਦ ਦੀ ਕੁੜੀ ਜਾਈ ।
   ਉਹਦਾ ਬਾਬਾ
   ਕੀ ਲੱਗੂ ਸਾਕ ਤੁਹਾਡਾ ।

ਉੱਤਰ : 1) ਉਮਤਾਰ 2) ਸਾਰੀਕਾਂ
3) ਸਾਹੁੰ (4) ਮੈਂਉ

ਪਰਉਪਕਾਰੀ ਬਣੀਏ

ਅਮਰਪ੍ਰੀਤ ਸਿੰਘ ਝੀਤਾ
ਨੰਗਲ ਅੰਬੀਆਂ (ਜਲੰਧਰ)
ਮੋਬਾ: 97791-91447

ਦੀਪੂ ਤੇ ਰਾਜੂ ਦੋਵੇਂ ਇੱਕੋ ਪਿੰਡ ਵਿੱਚ ਹੀ ਰਹਿੰਦੇ ਸਨ। ਦੋਹਾਂ ਵਿੱਚ ਬੜੀ ਗੂੜ੍ਹੀ ਮਿੱਤਰਤਾ ਹੁੰਦੀ ਹੈ। ਦੋਨੋਂ ਹੀ ਦਸਵੀਂ ਜਮਾਤ ਵਿੱਚ ਪੜ੍ਹਦੇ ਅਤੇ ਪੜ੍ਹਾਈ ਤੇ ਖੇਡਾਂ ਵਿੱਚ ਵੀ ਦੋਵੇਂ ਪਹਿਲੀਆਂ ਪੁਜੀਸ਼ਨਾਂ ਉੱਤੇ ਆਉਂਦੇ। ਦੋਵੇਂ ਹੀ ਬੱਚਿਆਂ ਅਤੇ ਟੀਚਰਾਂ ਵਿੱਚ ਬੜੇ ਹਰਮਨ ਪਿਆਰੇ ਹੁੰਦੇ ਹਨ ਕਿਉਂਕਿ ਦੋਵੇਂ ਹੀ ਬੜੇ ਹੁਸ਼ਿਆਰ ਅਤੇ ਆਗਿਆਕਾਰੀ ਹੁੰਦੇ ਹਨ। ਉਹਨਾਂ ਦੇ ਮਾਪਿਆਂ ਨੂੰ ਆਪਣੇ ਪੁੱਤਰਾਂ ਦੀ ਲਿਆਕਤ ਉੱਤੇ ਬਹੁਤ ਮਾਣ ਹੁੰਦਾ ਹੈ। ਰਾਜੂ ਦੇ ਪਿਤਾ ਜੀ ਇੱਕ ਬੈਂਕ ਵਿੱਚ ਕੰਮ ਕਰਦੇ ਹਨ ਅਤੇ ਦੀਪੂ ਦੇ ਪਿਤਾ ਜੀ ਸਬਜੀਆਂ ਵੇਚ ਕੇ ਘਰ ਦਾ ਗੁਜ਼ਾਰਾ ਚਲਾਉਂਦੇ ਹਨ। ਦੀਪੂ ਵੀ ਆਪਣੇ ਪਿਤਾ ਜੀ ਨਾਲ ਸਬਜੀਆਂ ਤੋੜਨ ਅਤੇ ਇਕੱਠੀਆਂ ਕਰਨ ਵਿੱਚ ਮਦਦ ਕਰਦਾ ਹੈ। ਕਈ ਵਾਰ ਤਾਂ ਰਾਜੂ ਵੀ ਵਿਹਲੇ ਸਮੇਂ ਵਿੱਚ ਦੀਪੂ ਦੀ ਸਬਜੀਆਂ ਇਕੱਠੀਆਂ ਕਰਨ ਵਿੱਚ ਮਦਦ ਕਰਦਾ। ਦੋਵੇਂ ਇੱਕ ਦੂਜੇ ਦੀ ਮਦਦ ਕਰਨ ਤੋਂ ਕਦੇ ਨਾ ਝਿਜਕਦੇ। ਘਰ ਵਿੱਚ ਵੀ ਦੋਵੇਂ ਆਪਣੇ ਮਾਪਿਆਂ ਦੀ ਕੰਮਕਾਜ ਵਿੱਚ ਮਦਦ ਕਰਦੇ ਰਹਿੰਦੇ। ਕਦੇ ਪਿੰਡ ਦੀ ਹੱਟੀ ਤੋਂ ਰਾਸ਼ਨ ਲੈ ਆਏ, ਡੇਅਰੀ ਤੋਂ ਦੁੱਧ ਲੈ ਆਏ ਜਾਂ ਫਿਰ ਬਾਲਣ ਨੂੰ ਸਾਈਕਲ 'ਤੇ ਲੈ ਆਏ ।

ਪੇਪਰਾਂ ਦੇ ਦਿਨਾਂ ਦੌਰਾਨ ਦੋਵੇਂ ਇੱਕ ਦੂਜੇ ਦੇ ਘਰ ਵਿੱਚ ਸ਼ਾਮ ਨੂੰ ਇਕੱਠੇ ਬੈਠ ਕੇ ਵਿਸ਼ਿਆਂ ਦੀ ਪੜ੍ਹਾਈ ਤੇ ਦੁਹਰਾਈ ਕਰਦੇ। ਇੱਕ ਦੂਜੇ ਕੋਲੋਂ ਪ੍ਰਸ਼ਨਾਂ ਦੇ ਉੱਤਰ ਸੁਣ-ਸੁਣ ਕੇ, ਸਬਕ ਨੂੰ ਪੱਕਾ ਕਰ ਲੈਂਦੇ । ਜੇਕਰ ਕੋਈ ਸਵਾਲ ਜਾਂ ਰਚਨਾ ਦੀ ਸਮਝ ਨਾ ਲਗਦੀ ਤਾਂ ਇੱਕ ਦੂਜੇ ਕੋਲੋਂ ਪੁੱਛ ਕੇ ਸਮਝ ਲੈਂਦੇ । ਦੋਵੇਂ

ਪੜ੍ਹਾਈ ਵਿੱਚ ਇੱਕ ਦੂਜੇ ਦੀ ਮਦਦ ਕਰਦੇ ਰਹਿੰਦੇ। ਇਸੇ ਤਰ੍ਹਾਂ ਹੀ ਉਹ ਆਪਣੇ ਜਮਾਤੀਆਂ ਦੀ ਪੜ੍ਹਾਈ ਵਿੱਚ ਵੀ ਮਦਦ ਕਰਦੇ ਰਹਿੰਦੇ ।

ਇਸ ਵਾਰ ਪੂਰਾ ਹਫਤਾ ਹੀ ਮੀਂਹ-ਹਨੇਰੀ ਆਉਣ ਕਰਕੇ ਦੀਪੂ ਦੇ ਪਿਤਾ ਜੀ ਬੜੇ ਪਰੇਸ਼ਾਨ ਹੋ ਜਾਂਦੇ ਹਨ ਕਿਉਂਕਿ ਜਿਹੜੀਆਂ ਸਬਜੀਆਂ ਉਗਾਈਆਂ ਸਨ, ਉਹ ਤਾਂ ਮੀਂਹ ਤੇ ਗੜ੍ਹੇਮਾਰੀ ਨਾਲ ਖਰਾਬ ਹੋ ਗਈਆਂ। ਥੋੜ੍ਹੀ ਜਿਹੀ ਸਬਜੀ ਕੋਲ ਸੀ, ਉਹ ਮੰਡੀ ਵਿੱਚ ਵੇਚ ਆਏ। ਪਰ ਉਸ ਨਾਂਲ ਘਰ ਦਾ ਗੁਜ਼ਾਰਾ ਚਲਾਉਣਾ ਔਖਾ ਹੋ ਗਿਆ। ਦੀਪੂ ਦੀ ਦਸਵੀਂ ਜਮਾਤ ਦੀ ਫੀਸ ਵੀ ਦੇਣੀ ਸੀ। ਇਸ ਸਭ ਬਾਰੇ ਸੋਚ ਕੇ ਉਸਦਾ ਸਾਰਾ ਪਰਿਵਾਰ ਬੜਾ ਪਰੇਸ਼ਾਨ ਸੀ।

ਫਰਵਰੀ ਮਹੀਨਾ ਹੋਣ ਕਰਕੇ ਦੋਵੇਂ ਮਿੱਤਰ ਸ਼ਾਮ ਨੂੰ ਪੇਪਰਾਂ ਦੀ ਤਿਆਰੀ ਲਈ ਦੀਪੂ ਦੇ ਘਰ ਇਕੱਠੇ ਹੁੰਦੇ ਹਨ। ਰਾਜੂ ਨੂੰ ਦੀਪੂ ਬੜਾ ਉਦਾਸ ਜਿਹਾ

ਲੱਗਾ। ਉਹ ਪ੍ਰਸ਼ਨਾਂ ਦੇ ਉੱਤਰ ਵੀ ਨਹੀਂ ਦੇ ਰਿਹਾ ਹੁੰਦਾ। ਬਸ ਚੁੱਪ ਜਿਹਾ ਬੈਠਾ ਸੀ। ਜਦੋਂ ਰਾਜੂ ਨੇ ਇਸਦਾ ਕਾਰਨ ਪੁੱਛਿਆ ਤਾਂ ਦੀਪੂ ਦੱਸਦਾ ਹੈ ਕਿ ਇਸ ਹਫਤਾ ਭਰ ਗੜ੍ਹੇਮਾਰੀ, ਮੀਂਹ ਹੋਣ ਕਰਕੇ ਸਬਜ਼ੀ ਨਹੀਂ ਹੋਈ। ਜਿਸ ਕਰਕੇ ਕੋਈ ਖਾਸ ਵੱਟਤ ਨਹੀਂ ਹੋਈ। ਘਰ ਦਾ ਗੁਜ਼ਾਰਾ ਤੱਕ ਚਲਾਉਣਾ ਔਖਾ ਹੋ ਗਿਆ । ਜਿਸ ਕਰਕੇ ਮੇਰੇ ਕੋਲੋਂ ਤਾਂ ਪੇਪਰ ਫੰਡ ਤੇ ਫੀਸ ਵੀ ਨਹੀਂ ਦੇ ਹੋਣੀ। ਜੇ ਮੈਂ ਫੀਸ ਸਮੇਂ ਸਿਰ ਨਾਂ ਦਿੱਤੀ, ਤਾਂ ਕਿਤੇ ਮੇਰਾ ਰੋਲ ਨੰਬਰ ਹੀ ਨਾ ਰੁਕ ਜਾਵੇ, ਮੈਂ ਦਸਵੀਂ ਦੇ ਪੇਪਰ ਕਿਵੇਂ ਦੇ ਸਕਾਂਗਾ ? ਦੀਪੂ ਇੱਕੋ ਸਾਹ ਵਿੱਚ ਹੀ ਆਪਣੀ ਸਾਰੀ ਗੱਲ ਕਹਿ ਗਿਆ। ਰਾਜੂ ਸਾਰੀ ਗੱਲ ਸੁਣ ਕੇ ਦੀਪੂ ਨੂੰ ਹੌਂਸਲਾ ਦਿੰਦੇ ਹੋਏ ਸਮਝਾਉਂਦਾ ਹੈ ਕਿ ਤੂੰ ਐਵੇਂ ਹੀ ਨਾ ਘਬਰਾ, ਪੇਪਰਾਂ ਦੀ ਤਿਆਰੀ ਚੰਗੀ ਤਰ੍ਹਾਂ ਨਾਲ ਕਰ, ਤੂੰ ਪੇਪਰ ਜ਼ਰੂਰ ਦੇਵੇਗਾ । ਇਸ ਬਾਰੇ ਆਪਾਂ ਸਕੂਲੇ ਗੱਲ ਕਰ ਲੈਂਦੇ ਹਾਂ। ਪਰ ਦੀਪੂ ਬੋਲਿਆ ਕਿ ਭਰਾਵਾ ! ਸਕੂਲ ਕੀ ਦੱਸਾਂਗੇ, ਜੇਕਰ ਫੀਸ ਨਾ ਜਮ੍ਹਾ ਕਰਾ ਹੋਈ, ਉਨ੍ਹਾਂ ਪੇਪਰਾਂ ਵਿੱਚ ਨਹੀਂ ਬੈਠਣ ਦੇਣਾ। ਫਿਰ ਦੋਵੇਂ ਹੀ ਗਣਿਤ ਦੇ ਸਵਾਲਾਂ ਦੀ ਦੁਹਰਾਈ ਕਰਨ ਲੱਗ ਪੈਂਦੇ ਹਨ। ਕੁਝ ਚਿਰ ਪੜ੍ਹਨ ਬਾਅਦ ਰਾਜੂ ਆਪਣੇ ਘਰ ਵਾਪਸ ਚਲਾ ਜਾਂਦਾ ਹੈ। ਰਸਤੇ ਵਿੱਚ ਆਉਂਦੇ ਸਮੇਂ ਵੀ ਉਹ ਦੀਪੂ ਦੀ ਫੀਸ ਬਾਰੇ ਸੋਚਦਾ ਹੈ ਕਿ ਕਿਵੇਂ ਉਹ ਦੀਪੂ ਦੀ ਮਦਦ ਕਰੇ ?

ਘਰ ਆ ਕੇ ਰਾਜੂ ਨੂੰ ਕੁਝ ਯਾਦ ਆਉਂਦਾ ਹੈ। ਉਹ ਭੱਜ ਕੇ ਆਪਣੀ ਗੋਲਕ ਚੁੱਕ ਲੈਂਦਾ ਹੈ। ਉਹ ਗੋਲਕ ਵਿੱਚ ਪਾਏ ਰੁਪਏ ਕੱਢਣ ਲੱਗਾ, ਤਾਂ ਉਸਨੂੰ ਯਾਦ ਆਇਆ ਕਿ ਉਸਨੇ ਇਨ੍ਹਾਂ ਰੁਪਈਆਂ ਨਾਲ ਨਵਾਂ ਬਸਤਾ ਤੇ ਕਹਾਣੀਆਂ ਵਾਲੀ ਕਿਤਾਬ ਲੈਣੀ ਹੈ। ਪਰ ਉਸਨੂੰ ਆਪਣੇ ਮਿੱਤਰ ਦੀਪੂ ਦੀ ਫੀਸ ਯਾਦ ਆ ਜਾਂਦੀ ਹੈ। ਇਸ ਵੇਲੇ ਫੀਸ ਦੇਣੀ ਜ਼ਰੂਰੀ ਆ । ਜਿਸ ਬਾਰੇ ਸੋਚ ਕੇ ਰਾਜੂ ਗੋਲਕ ਵਿੱਚੋਂ ਸਾਰੇ ਪੈਸੇ ਕੱਢ ਲੈਂਦਾ ਹੈ। ਉਹ ਰੁਪਏ ਗਿਣਦਾ ਹੈ ਤਾਂ ਇਹ ਦੋ ਸੌ ਰੁਪਏ ਹੀ ਬਣਦੇ ਹਨ। ਪਰ ਪੇਪਰਾਂ ਦੀ ਫੀਸ ਤਾਂ 300/- ਰੁਪਏ ਬਣਦੀ ਹੈ। ਉਹ ਬਾਕੀ ਦੇ ਬਚਦੇ ਰੁਪਏ ਕਿਵੇਂ ਪੂਰੇ ਕਰੇਗਾ? ਫਿਰ ਕੁਝ ਦੇਰ ਬਾਅਦ ਰਾਜੂ ਸੋਚ ਵਿਚਾਰ ਕਰਕੇ, ਆਪਣੇ ਪਿਤਾ ਜੀ ਕੋਲੋਂ ਆਪਣੀ ਪੇਪਰ ਫੰਡ ਤੇ ਫੀਸ ਲਈ ਰੁਪਏ ਮੰਗ ਲੈਂਦਾ ਹੈ। ਉਸਦੇ ਪਿਤਾ ਜੀ ਉਸਨੂੰ ਫੀਸ ਲਈ ਰੁਪਏ ਦੇ ਦਿੰਦੇ ਹਨ।

ਅਗਲੇ ਦਿਨ ਦੋਵੇਂ ਮਿੱਤਰ ਇਕੱਠੇ ਸਕੂਲ ਚਲੇ ਜਾਂਦੇ ਹਨ। ਸਕੂਲ ਵਿੱਚ ਵੀ ਦੀਪੂ ਬੜਾ ਉਦਾਸ ਰਹਿੰਦਾ ਹੈ, ਕਿਉਂਕਿ ਫੀਸ ਭਰਨ ਲਈ ਉਸਨੂੰ ਰੁਪਏ ਨਹੀਂ ਮਿਲੇ। ਪਰ ਅੱਜ ਦਾ ਦਿਨ ਤਾਂ ਫੀਸ ਭਰਨ ਦਾ ਆਖਰੀ ਦਿਨ ਹੈ। ਰਾਜੂ, ਦੀਪੂ ਦੇ ਮਨ ਦੀ ਸਥਿਤੀ ਸਮਝ ਜਾਂਦਾ ਹੈ। ਉਹ ਦੀਪੂ ਨੂੰ ਹੌਂਸਲਾ ਦਿੰਦਾ ਹੈ ਕਿ ਘਬਰਾ ਨਾ ਮਿੱਤਰਾ ! ਤੇਰੀ ਫੀਸ ਮੈਂ ਜਮ੍ਹਾਂ ਕਰਾ ਆਇਆ ਹਾਂ। ਇਹ ਸਭ ਸੁਣ ਕੇ ਦੀਪੂ ਦੀਆਂ ਅੱਖਾਂ ਵਿੱਚ ਚਮਕ ਦੇ ਨਾਲ-ਨਾਲ ਅੱਥਰੂ ਆ ਜਾਂਦੇ ਅਤੇ ਉਸਦੇ ਚਿਹਰੇ 'ਤੇ ਮੁਸਕੁਰਾਹਟ ਫੈਲ ਜਾਂਦੀ ਹੈ। ਉਹ ਦੀਪੂ ਦੇ ਦੋਵੇਂ ਹੱਥ ਫੜ੍ਹ ਕੇ ਰਾਜੂ ਦਾ ਧੰਨਵਾਦ ਕਰਦਿਆਂ, ਜੱਫੀ ਪਾ ਲੈਂਦਾ ਹੈ। ਦੀਪੂ ਪੁੱਛਦਾ ਹੈ ਕਿ ਰਾਜੂ ਤੂੰ ਇੰਨੇ ਰੁਪਏ ਕਿੱਥੋਂ ਲਿਆਂਦੇ ? ਸੱਚੋ-ਸੱਚ ਦੱਸੀਂ ਭਰਾਵਾ। ਰਾਜੂ ਦੱਸਦਾ ਹੈ ਕਿ ਉਸਨੇ ਆਪਣੀ ਗੋਲਕ ਵਿੱਚੋਂ ਬੱਚਤ ਕੀਤੇ ਰੁਪਈਆਂ ਨਾਲ ਫੀਸ ਭਰੀ ਅਤੇ ਘਟਦੇ ਸੌ ਰੁਪਏ ਪਿਤਾ ਜੀ ਕੋਲੋਂ ਲੈ ਲਏ । ਪਰ ਦੀਪੂ ਅੰਦਰੋਂ ਅੰਦਰ ਡਰ ਵੀ ਰਿਹਾ ਸੀ ਕਿ ਉਸਨੇ ਪਿਤਾ ਜੀ ਨੂੰ ਬਗੈਰ ਦੱਸੇ ਹੀ ਵਾਧੂ ਸੌ ਰੁਪਏ ਲਏ ਹਨ। ਦੀਪੂ, ਰਾਜੂ ਦਾ ਧੰਨਵਾਦ ਕਰਦਿਆਂ ਕਹਿੰਦਾ ਹੈ ਕਿ ਜਦੋਂ ਮੇਰੇ ਘਰ ਦੀ ਸਥਿਤੀ ਠੀਕ ਹੋਈ ਤਾਂ ਮੈਂ ਤੈਨੂੰ ਇਹ ਰੁਪਏ ਜਲਦੀ ਮੋੜ ਦੇਵਾਂਗਾ । ਦੋਵੇਂ ਹੁਣ ਪੰਜਾਬੀ ਦਾ

ਪੀਰੀਅਡ ਲਗਾਉਣ ਲਈ ਕਮਰੇ ਵੱਲ ਤੁਰ ਪੈਂਦੇ ਹਨ। ਉੱਧਰ ਰਾਜੂ ਦੇ ਪਿਤਾ ਜੀ ਨੂੰ ਮੋਬਾਈਲ 'ਤੇ ਫੀਸ ਸਬੰਧੀ ਇੱਕ ਮੈਸੇਜ ਆਉਂਦਾ ਹੈ। ਉਸਦੇ ਪਿਤਾ ਜੀ ਮੈਸੇਜ ਪੜ੍ਹ ਕੇ ਸੋਚੀਂ ਪੈ ਜਾਂਦੇ ਹਨ ਕਿ ਰਾਜੂ ਨੇ ਫੀਸ ਲਈ ਤਾਂ 400/- ਰੁਪਏ ਮੰਗੇ ਸਨ। ਪਰ ਫੀਸ ਜਮ੍ਹਾਂ ਹੋਣ ਦਾ ਮੈਸੇਜ ਤਾਂ 300/- ਰੁਪਏ ਦਾ ਆਇਆ ਹੈ। ਰਾਜੂ ਨੇ ਪਹਿਲਾਂ ਕਦੀ ਵੀ ਇਸ ਤਰ੍ਹਾਂ ਵੱਧ ਰੁਪਏ ਨਹੀਂ ਮੰਗੇ। ਕਿਤੇ ਰਾਜੂ ਗਲਤ ਸੰਗਤ ਵਿੱਚ ਤਾਂ ਨਹੀਂ ਪੈ ਗਿਆ। ਉਸਨੇ ਇੰਝ ਝੂਠ ਕਿਉਂ ਬੋਲਿਆ ? ਉਸਨੇ ਵੱਧ ਰੁਪਏ ਕਿਉਂ ਮੰਗੇ ?

ਸ਼ਾਮ ਨੂੰ ਰਾਜੂ ਦਾ ਸਾਰਾ ਪਰਿਵਾਰ ਇਕੱਠੇ ਬੈਠ ਕੇ ਚਾਹ ਪੀ ਰਿਹਾ ਹੁੰਦਾ ਹੈ। ਉਸ ਵੇਲੇ ਰਾਜੂ ਦੇ ਪਿਤਾ ਜੀ ਫੀਸ ਵਾਲੀ ਗੱਲ ਸ਼ੁਰੂ ਕਰਦਿਆਂ, ਰਾਜੂ ਨੂੰ ਪੁੱਛਦੇ ਹਨ ਕਿ ਬੇਟਾ ! ਤੇਰੀ 300/- ਰੁਪਏ ਫੀਸ ਜਮ੍ਹਾਂ ਹੋਣ ਦਾ ਮੈਸੇਜ ਆਇਆ, ਪਰ ਤੂੰ ਤਾਂ 400/- ਰੁਪਏ ਲੈ ਕੇ ਗਿਆ ਸੀ। ਪੁੱਤਰਾ ! ਤੂੰ ਫੀਸ ਨਾਲੋਂ ਵੱਧ ਰੁਪਏ ਕਿਉਂ ਮੰਗੇ ? ਉਹਨਾਂ ਰੁਪਈਆਂ ਦਾ ਤੂੰ ਕੀ ਕੀਤਾ? ਕਿਤੇ ਤੂੰ ਸਾਡਾ ਵਿਸ਼ਵਾਸ ਤੋੜ ਕੇ ਗਲਤ ਸੰਗਤ ਦਾ ਸ਼ਿਕਾਰ ਤਾਂ ਨਹੀਂ, ਕਿਤੇ ਫਜ਼ੂਲ-ਖਰਚੀ ਤਾਂ ਨਹੀਂ ਕਰਨ ਲੱਗ ਪਿਆ ? ਤੂੰ ਕਿਉਂ ਝੂਠ ਬੋਲਿਆ ? ਪਰਿਵਾਰ ਦੇ ਸਾਰੇ ਮੈਂਬਰ ਰਾਜੂ ਵੱਲ ਦੇਖਦੇ ਹਨ। ਰਾਜੂ ਡਰ ਨਾਲ ਚੁੱਪ ਕਰਕੇ ਬੈਠਾ ਰਹਿੰਦਾ ਹੈ। ਰਾਜੂ ਨੂੰ ਚੁੱਪ ਬੈਠਾ ਦੇਖ ਕੇ ਸਾਰੇ ਬੜੇ ਪਰੇਸ਼ਾਨ ਹੋ ਜਾਂਦੇ ਹਨ ।

ਕੁਝ ਚਿਰ ਬਾਅਦ ਰਾਜੂ ਹਿੰਮਤ ਕਰਕੇ ਬੋਲਦਾ ਹੈ ਕਿ ਪਿਤਾ ਜੀ, ਤੁਹਾਡਾ ਪੁੱਤਰ ਕਿਸੇ ਵੀ ਮਾੜੀ ਸੰਗਤ ਵਿੱਚ ਨਹੀਂ ਪਿਆ। ਸਗੋਂ ਉਹਨਾਂ ਰੁਪਈਆਂ ਨਾਲ ਮੈਂ ਆਪਣੇ ਮਿੱਤਰ ਦੀਪੂ ਦੀ ਫੀਸ ਜਮ੍ਹਾਂ ਕਰਾਈ ਹੈ ਕਿਉਂਕਿ ਇਸ ਵਾਰ ਦੀਪੂ ਕੋਲੋਂ ਫੀਸ ਜਮ੍ਹਾਂ ਨਹੀਂ ਕਰਾ ਹੋਈ। ਸੌ ਰੁਪਈਆ ਤੁਹਾਡੇ ਕੋਲੋਂ ਲਿਆ ਸੀ ਅਤੇ ਬਾਕੀ ਦੋ ਸੌ ਰੁਪਏ ਮੇਰੀ ਬੱਚਤ ਵਾਲੇ ਸਨ। ਫਿਰ ਉਹ ਦੀਪੂ ਦੀ ਮਜ਼ਬੂਰੀ ਬਾਰੇ ਵੀ ਸਭ ਕੁਝ ਦੱਸ ਦਿੰਦਾ ਹੈ। ਸਾਰਾ ਪਰਿਵਾਰ ਬੜੇ ਧਿਆਨ ਨਾਲ ਰਾਜੂ ਦੀ ਗੱਲ ਸੁਣਦਾ ਹੈ। ਫਿਰ ਰਾਜੂ ਬੋਲਦਾ ਹੈ ਕਿ ਮੈਂ ਇਸ ਬਾਰੇ ਦੀਪੂ ਨੂੰ ਵੀ ਦੱਸ ਦਿੱਤਾ ਹੈ, ਉਹ ਬੜਾ ਖੁਸ਼ ਹੋਇਆ ਸੀ। ਉਹ ਕਹਿੰਦਾ ਸੀ ਕਿ ਜਦੋਂ ਉਸਦੇ ਘਰ ਦੀ ਸਥਿਤੀ ਠੀਕ ਹੋਈ ਤਾਂ ਉਹ ਮੈਨੂੰ ਰੁਪਏ ਵਾਪਸ ਕਰ ਦੇਵੇਗਾ । ਪਰ ਪਿਤਾ ਜੀ ਮੈਨੂੰ ਮੁਆਫ ਕਰ ਦੇਣਾਂ, ਮੈਂ ਆਪ ਜੀ ਨੂੰ ਸਾਰੀ ਗੱਲ ਕਹਿਣ ਦੀ ਹਿੰਮਤ ਨਹੀਂ ਕਰ ਸਕਿਆ। ਮੈਨੂੰ ਡਰ ਸੀ ਕਿ ਜੇ ਸਭ ਦੱਸਾਗਾਂ ਤਾਂ ਤੁਸੀਂ ਮਨ੍ਹਾ ਕਰ ਦੇਣਾ ਹੈ, ਮੈਨੂੰ ਮੁਆਫ ਕਰਨਾ ਪਿਤਾ ਜੀ। ਇਹ ਕਹਿੰਦਿਆਂ ਰਾਜੂ ਦੋਵੇਂ ਹੱਥ ਜੋੜ ਲੈਂਦਾ ਹੈ।

ਸਾਰੀ ਗੱਲ ਸੁਣਨ ਤੋਂ ਬਾਅਦ ਰਾਜੂ ਦੇ ਪਿਤਾ ਜੀ, ਉਸਨੂੰ ਘੁੱਟ ਕੇ ਜੱਫੀ ਵਿੱਚ ਲੈ ਲੈਂਦੇ ਹਨ। ਉਸਦੇ ਪਿਤਾ ਜੀ ਆਖਦੇ ਹਨ ਕਿ ਸ਼ਾਬਾਸ਼ ! ਪੁੱਤਰਾ, ਤੂੰ ਇੱਕ ਪਰਉਪਕਾਰ ਵਾਲਾ ਬੜਾ ਨੇਕ ਕੰਮ ਕੀਤਾ ਹੈ। ਔਖੇ ਵੇਲੇ ਮਿੱਤਰ ਦੀ ਮਦਦ ਕਰਨ ਵਾਲਾ ਹੀ ਸੱਚਾ ਮਿੱਤਰ ਹੁੰਦਾ ਹੈ। ਸਾਨੂੰ ਪਰਉਪਕਾਰੀ ਬਣਨਾ ਚਾਹੀਦਾ ਹੈ, ਤਾਂ ਜੋ ਲੋੜਵੰਦਾਂ ਦੀ ਸਹਾਇਤਾ ਕਰ ਸਕੀਏ। ਮੈਨੂੰ ਤੇਰੇ ਉੱਤੇ ਬਹੁਤ ਮਾਣ ਹੈ। ਤੂੰ ਫ਼ਜ਼ੂਲ-ਖਰਚੀ ਕਰਨ ਨਾਲੋਂ, ਆਪਣੀ ਬੱਚਤ ਨਾਲ ਇੱਕ ਨੇਕ ਕੰਮ ਕੀਤਾ ਹੈ। ਜੇਕਰ ਤੂੰ ਮੈਨੂੰ ਸਭ ਕੁਝ ਪਹਿਲਾਂ ਹੀ ਦੱਸ ਦਿੰਦਾ, ਤਾਂ ਮੈਂ ਵੀ ਤੈਨੂੰ ਦੀਪੂ ਦੀ ਫੀਸ ਲਈ ਰੁਪਏ ਦੇ ਦੇਣੇ ਸੀ। ਸ਼ਾਬਾਸ਼! ਮੇਰੇ ਪਿਆਰੇ ਪੁੱਤਰ । ਪਿਤਾ ਜੀ, ਰਾਜੂ ਨੂੰ ਫਿਰ ਘੁੱਟ ਕੇ ਸੀਨੇ ਨਾਲ ਲਗਾ ਲੈਂਦੇ ਹਨ। ਪਰਿਵਾਰ ਦੇ ਬਾਕੀ ਮੈਂਬਰ ਵੀ ਰਾਜੂ ਦੇ ਇਸ ਨੇਕ ਕੰਮ ਦੀ ਬੜੀ ਸਿਫਤ ਕਰਦੇ ਹਨ। ਦਾਦਾ-ਦਾਦੀ ਰਾਜੂ ਨੂੰ ਬੜੀਆਂ ਅਸੀਸਾਂ ਦਿੰਦੇ ਹਨ ਤੇ ਸਮਝਾਉਂਦੇ ਹਨ ਕਿ ਪੁੱਤਰਾ ! ਅੱਗੇ ਤੋਂ ਸਾਰੀ ਗੱਲ ਘਰੇ ਦੱਸਣੀ ਹੈ। ਫਿਰ ਦਾਦੀ ਜੀ ਰਾਜੂ ਦਾ ਮੱਥਾ ਚੁੰਮਦੀ ਹੈ। ਸਭ ਦਾ ਪਿਆਰ ਦੇਖ ਕੇ ਰਾਜੂ ਬੜਾ ਖੁਸ਼ ਹੋ ਜਾਂਦਾ ਹੈ।

ਭੂੰ...ਭੂੰ...ਘੂੰ...ਘੂੰ...

ਡਾ. ਹਰਜੀਤ ਸਿੰਘ
ਮੋ: 98768-81870

ਦਰਿਆ ਕਿਨਾਰੇ ਇੱਕ ਸੰਘਣਾ ਜੰਗਲ ਸੀ। ਉਸ ਜੰਗਲ ਵਿਚ ਵੰਨ-ਸੁਵੰਨੇ ਨਿੱਕੇ ਵੱਡੇ ਕਿੰਨੇ ਹੀ ਰੁੱਖ ਸਨ। ਫ਼ਲਾਂ ਵਾਲੇ, ਫੁੱਲਾਂ ਵਾਲੇ, ਚੌੜੇ-ਚੌੜੇ ਪੱਤਿਆਂ ਵਾਲੇ। ਇਨ੍ਹਾਂ ਰੁੱਖਾਂ ਵਿਚਕਾਰ ਇੱਕ ਅਜਿਹਾ ਰੁੱਖ ਸੀ ਜਿਸਦਾ ਤਣਾ ਖੋਖਲਾ ਸੀ। ਇਸ ਖੋਖਲੇ ਤਣੇ ਵਿੱਚ ਮਧੂ-ਮੱਖੀਆਂ ਨੇ ਆਪਣਾ ਛੱਤਾ ਬਣਾਇਆ ਸੀ। ਇਹ ਛੱਤਾ ਸ਼ਹਿਦ ਨਾਲ ਭਰਿਆ ਹੋਇਆ ਸੀ ।

ਇਕ ਦਿਨ ਜਦੋਂ ਮਧੂ-ਮੱਖੀਆਂ ਸ਼ਹਿਦ ਵਾਸਤੇ ਫੁੱਲਾਂ ਵਿਚੋਂ ਰਸ ਕੱਢਣ ਲਈ ਦੂਰ-ਦੂਰ ਗਈਆਂ ਹੋਈਆਂ ਸਨ ਤਾਂ ਅਚਾਨਕ ਕਿਧਰੋਂ ਉੱਡਦਾ-ਉੱਡਦਾ ਭੂੰਡਾਂ ਦਾ ਇੱਕ ਝੁੰਡ ਉੱਥੇ ਆ ਗਿਆ। ਖੋਖਲੇ ਰੁੱਖ ਦੇ ਤਣੇ ਵਿੱਚ ਸ਼ਹਿਦ ਨਾਲ ਭਰਿਆ ਛੱਤਾ ਵੇਖ ਕੇ ਉਨ੍ਹਾਂ ਦੀਆਂ ਜੀਭਾਂ ਲਲਚਾਉਣ ਲੱਗ ਪਈਆਂ। ਆਸ-ਪਾਸ ਵੀ ਕੋਈ ਨਹੀਂ ਸੀ। ਭੂੰਡਾਂ ਨੇ ਖੋਖਲੇ ਰੁੱਖ ਦੇ ਤਣੇ 'ਤੇ ਆਪਣਾ ਕਬਜ਼ਾ ਜੰਮਾ ਲਿਆ। ਹੁਣ ਭੂੰਡਾਂ ਨੇ ਉਥੇ ਹੀ ਰਹਿਣ ਦਾ ਫ਼ੈਸਲਾ ਕਰ ਲਿਆ। ਦਿਨ ਢਲੇ ਜਦੋਂ ਮਧੂ-ਮੱਖੀਆਂ ਫੁੱਲਾਂ ਵਿਚੋਂ ਰਸ ਲੈ ਕੇ ਖੋਖਲੇ ਰੁੱਖ ਵਿੱਚ ਆਪਣੇ ਛੱਤੇ ਕੋਲ ਆਈਆਂ ਤਾਂ ਕੀ ਵੇਖਦੀਆਂ ਨੇ ਕਿ ਉਥੇ ਤਾਂ ਭੂੰਡਾਂ ਨੇ ਡੇਰਾ ਲਾਇਆ ਹੋਇਆ ਏ ।

ਮਧੂ-ਮੱਖੀਆਂ ਕਹਿਣ ਲੱਗੀਆਂ, "ਭੂੰਡੋ... ਭੂੰਡੋ...ਇਹ ਸਾਡਾ ਘਰ ਏ ਏਥੇ ਅਸੀਂ ਸ਼ਹਿਦ ਜਮ੍ਹਾਂ ਕੀਤਾ ਹੋਇਆ ਏ, ਤੁਸੀਂ ਕਿਧਰੇ ਹੋਰ ਚਲੇ ਜਾਓ।" ਭੂੰਡਾਂ ਨੇ ਗੁੱਸੇ ਨਾਲ ਕਿਹਾ, "ਅਸੀਂ ਕਿਉਂ ਜਾਈਏ, ਇਹ ਸਾਡਾ ਘਰ ਏ, ਇਹ ਸ਼ਹਿਦ ਸਾਡਾ ਏ।" ਮਧੂ-ਮੱਖੀਆਂ ਨੇ ਫਿਰ ਕਿਹਾ, "ਨਹੀਂ...ਨਹੀਂ...ਭੂੰਡੋ ਇਹ ਸਾਡਾ ਸ਼ਹਿਦ ਏ।" ਭੂੰਡਾਂ ਨੇ ਮਧੂ-ਮੱਖੀਆਂ ਨੂੰ ਡਰਾਉਣ ਲਈ ਉੱਚੀ-ਉੱਚੀ ਭੂੰ...ਭੂੰ... ਕਰਨਾ ਸ਼ੁਰੂ ਕਰ ਦਿੱਤਾ। ਮਧੂ-ਮੱਖੀਆਂ ਵੀ ਗੁੱਸੇ ਵਿੱਚ ਆ ਗਈਆਂ ਤੇ ਉੱਚੀ-ਉੱਚੀ ਘੂੰ...ਘੂੰ...ਕਰਨ ਲੱਗੀਆਂ। ਜੰਗਲ ਉਹਨਾਂ ਦੇ



ਭੂੰ...ਭੂੰ...ਘੂੰ...ਘੂੰ...ਨਾਲ ਗੂੰਜਣ ਲੱਗ ਪਿਆ ।

ਮਧੂ-ਮੱਖੀਆਂ ਅਤੇ ਭੂੰਡਾਂ ਦਾ ਸ਼ੋਰ ਸੁਣ ਕੇ ਕੋਲੋਂ ਲੰਘਦੀ ਇੱਕ ਲੂੰਬੜੀ ਉਨ੍ਹਾਂ ਨੂੰ ਪੁੱਛਣ ਲੱਗੀ, "ਕੀ ਗੱਲ ਏਨਾ ਸ਼ੋਰ ਕਿਉਂ ਮਚਾਇਆ ਏ?" ਮਧੂ-ਮੱਖੀਆਂ ਕਹਿਣ ਲੱਗੀਆਂ, "ਭੂੰਡਾਂ ਨੇ ਸਾਡੇ ਸ਼ਹਿਦ 'ਤੇ ਕਬਜ਼ਾ ਕਰ ਲਿਆ ਏ।" ਭੂੰਡ ਹੋਰ ਵੀ ਉੱਚੀ-ਉੱਚੀ ਕਹਿਣ ਲੱਗੇ, "ਨਹੀਂ, ਨਹੀਂ, ਇਹ ਸ਼ਹਿਦ ਤਾਂ ਅਸੀਂ ਆਪ ਬਣਾਇਆ ਏ ਇਸ ਸਾਡਾ ਏ।"

ਮਧੂ-ਮੱਖੀਆਂ ਕਹਿਣ ਲੱਗੀਆਂ, "ਭੂੰਡ ਝੂਠ ਬੋਲਦੇ ਨੇ ਇਹ ਸਾਡਾ ਘਰ ਏ, ਇਹ ਸ਼ਹਿਦ ਅਸੀਂ ਬਣਾਇਆ ਏ।" ਭੂੰਡ ਹੋਰ ਵੀ ਉੱਚਾ ਭੂੰ...ਭੂੰ...ਕਰਨ ਲੱਗੇ, "ਨਹੀਂ, ਨਹੀਂ, ਇਹ ਸ਼ਹਿਦ ਸਾਡਾ ਏ।" ਏਨੇ ਨੂੰ ਇੱਕ ਕਾਂ ਵੀ ਉੱਡਦਾ-ਉੱਡਦਾ ਉੱਥੇ ਆ ਗਿਆ। ਲੂੰਬੜੀ ਕਾਂ ਨੂੰ ਕਹਿਣ ਲੱਗੀ, "ਭਰਾਵਾ ਭੂੰਡਾਂ ਤੇ ਮਧੂ-ਮੱਖੀਆਂ ਦਾ ਝਗੜਾ ਇੰਜ ਨਹੀਂ ਮੁੱਕੇਗਾ, ਤੂੰ ਜਲਦੀ ਪੰਚਾਇਤ ਬੁਲਾ ਕੇ ਲਿਆ। ਕਾਂ ਨੇ ਪੁੱਛਿਆ, "ਕਿਉਂ ਭੂੰਡੋ, ਕਿਉਂ ਮਧੂ-ਮੱਖੀਓ ਤੁਹਾਨੂੰ ਮਨਜੂਰ ਏ।" ਭੂੰਡ ਕਹਿਣ ਲੱਗੇ, "ਵੇਖ ਲਵਾਂਗੇ, ਵੇਖ ਲਵਾਂਗੇ।"

ਕਾਂ ਝੱਟ ਹੀ ਪੰਚਾਇਤ ਬੁਲਾ ਕੇ ਲੈ ਆਇਆ। ਪੰਚਾਇਤ ਵਿਚੋਂ ਗਿੱਦੜ ਸਭ ਤੋਂ ਪਹਿਲਾਂ ਬੋਲਿਆ। ਉਹ ਕਹਿਣ ਲੱਗਾ, "ਬਈ ਕਾਵਾਂ ਤੂੰ ਤੇ ਅਕਸਰ ਇੱਧਰ ਆਉਂਦਾ ਜਾਂਦਾ ਈ ਰਹਿੰਦਾ ਏ, ਪਹਿਲਾਂ ਤੂੰ ਹੀ ਦੱਸ ਇੱਥੇ ਖੋਖਲੇ ਰੁੱਖ ਵਿੱਚ ਕੌਣ ਰਹਿੰਦਾ ਸੀ ?"

ਕਾਂ ਨੇ ਕਿਹਾ, "ਮੈਂ ਅਕਸਰ ਵੇਖਦਾ ਸੀ ਘੂੰ... ਘੂੰ... ਕਰਨ ਵਾਲੇ, ਖੰਭਾਂ ਵਾਲੇ, ਕਾਲੀਆਂ ਪੀਲੀਆਂ ਧਾਰੀਆਂ ਵਾਲੇ ਇੱਥੇ ਆਇਆ ਕਰਦੇ ਸਨ।" ਭੂੰਡਾਂ ਨੇ ਇਕਦਮ ਰੌਲਾ ਪਾ ਦਿੱਤਾ, "ਉਹ ਅਸੀਂ ਹਾਂ, ਉਹ ਅਸੀਂ ਹਾਂ।" ਮਧੂ-ਮੱਖੀਆਂ ਕਹਿਣ ਲੱਗੀਆਂ, "ਪਰ ਇਹ ਨਿਸ਼ਾਨੀਆਂ ਤਾਂ ਸਾਡੀਆਂ ਵੀ ਨੇ । ਇਹ ਭੂੰਡਾਂ ਦਾ ਨਹੀਂ ਸਾਡਾ ਘਰ ਏ।"

ਝਗੜਾ ਵਧਦਾ ਗਿਆ। ਪੰਚਾਇਤ ਕਿਸੇ ਫ਼ੈਸਲੇ 'ਤੇ ਨਾ ਪੁੱਜੀ। ਆਖਰ ਮਧੂ-ਮੱਖੀਆਂ ਦੀ ਰਾਣੀ ਮੱਖੀ ਕਹਿਣ ਲੱਗੀ, "ਕਿਉਂ ਨਾ ਸ਼ਹਿਦ ਪੰਚਾਇਤ ਦੇ ਸਾਹਮਣੇ ਬਣਾਇਆ ਜਾਵੇ, ਜੋ ਪਹਿਲਾਂ ਸ਼ਹਿਦ ਦਾ ਛੱਤਾ ਬਣਾ ਲਵੇ, ਉਸਨੂੰ ਦੇ ਦਿੱਤਾ ਜਾਵੇ ।"

ਗਿੱਦੜ ਨੂੰ ਰਾਣੀ ਮਧੂ-ਮੱਖੀ ਦੀ ਇਹ ਗੱਲ ਠੀਕ ਲੱਗੀ। ਉਹ ਕਹਿਣ ਲੱਗਾ, "ਠੀਕ ਏ, ਬਿਲਕੁਲ ਠੀਕ ਕੱਲ੍ਹ ਪੰਚਾਇਤ ਦੇ ਸਾਹਮਣੇ ਸ਼ਹਿਦ ਬਣਾਇਆ ਜਾਵੇ।" ਭੂੰਡਾਂ ਨੇ ਇਹ ਸੁਣ ਕੇ ਰੌਲਾ ਪਾ ਦਿੱਤਾ, "ਨਹੀਂ...ਨਹੀਂ...ਸਾਨੂੰ ਮਨਜ਼ੂਰ ਨਹੀਂ।"

ਰਾਣੀ ਮੱਖੀ ਨੇ ਫਿਰ ਕਿਹਾ, "ਪੰਚਾਇਤ ਜੀ ਸ਼ਹਿਦ ਕੱਲ੍ਹ ਨਹੀਂ ਹੁਣ ਬਣਾਇਆ ਜਾਵੇ। ਅਸੀਂ ਤਾਂ ਸਾਰਾ ਦਿਨ ਬੜੀ ਮਿਹਨਤ ਕਰਕੇ ਫੁੱਲਾਂ ਵਿਚੋਂ ਰਸ ਚੂਸ ਕੇ ਲਿਆਈਆਂ ਹਾਂ। ਅਸੀਂ ਕੱਲ੍ਹ ਤੱਕ ਇੰਤਜ਼ਾਰ ਨਹੀਂ ਕਰ ਸਕਦੀਆਂ ।" ਇਹ ਆਖ ਮਧੂ-ਮੱਖੀਆਂ ਪੰਚਾਇਤ ਦੇ ਸਾਹਮਣੇ ਸ਼ਹਿਦ ਬਣਾਉਣ ਲੱਗ ਪਈਆਂ ।

ਭੂੰਡ ਤਾਂ ਝੂਠੇ ਸਨ ਉਨ੍ਹਾਂ ਕੋਲ ਕੁਝ ਵੀ ਨਹੀਂ ਸੀ। ਉਹ ਤਾਂ ਵਿਹਲੇ ਸਾਰਾ ਦਿਨ ਭੂੰ...ਭੂੰ... ਕਰਦੇ ਇੱਧਰ-ਉੱਧਰ ਉੱਡਦੇ ਰਹਿੰਦੇ ਸਨ। ਉਹ ਹੁਣ ਕੀ ਕਰਦੇ? ਨਾਲੇ ਉਨ੍ਹਾਂ ਨੂੰ ਤਾਂ ਸ਼ਹਿਦ ਬਣਾਉਣਾ ਆਉਂਦਾ ਹੀ ਨਹੀਂ ਸੀ। ਉਨ੍ਹਾਂ ਨੇ ਤਾਂ ਬਣੇ ਬਣਾਏ ਸ਼ਹਿਦ 'ਤੇ ਨਾਜਾਇਜ਼ ਕਰਜ਼ਾ ਕੀਤਾ ਹੋਇਆ ਸੀ।

ਉਹ ਬਿਨਾਂ ਮਿਹਨਤ ਕੀਤਿਆਂ ਮੁਫ਼ਤੋਂ ਸਾਰਾ ਸ਼ਹਿਦ ਹੜੱਪਣਾ ਚਾਹੁੰਦੇ ਸਨ। ਪੰਚਾਇਤ ਅੱਗੇ ਉਹ ਕਿਵੇਂ ਸ਼ਹਿਦ ਬਣਾਉਂਦੇ। ਹਾਰ ਕੇ ਸ਼ਰਮਿੰਦਾ ਹੋਏ ਭੂੰਡ ਕਹਿਣ ਲੱਗੇ,"ਠੀਕ ਹੈ ਅਸੀਂ ਵੀ ਰਸ ਲੈ ਕੇ ਆਉਂਦੇ ਹਾਂ।" ਇਹ ਆਖ ਸਾਰੇ ਭੂੰਡ ਭੂੰ...ਭੂੰ... ਕਰਦੇ ਇਕ-ਇਕ ਕਰਕੇ ਉੱਥੋਂ ਉੱਡ ਗਏ । ਅਜਿਹੇ ਉੱਡੇ ਕਿ ਦੁਬਾਰਾ ਖੋਖਲੇ ਰੁੱਖ ਕੋਲ ਕਦੇ ਨਾ ਆਏ। ਪੰਚਾਇਤ ਨੇ ਸਾਰਾ ਸ਼ਹਿਦ ਮਧੂ-ਮੱਖੀਆਂ ਨੂੰ ਦੇ ਦਿੱਤਾ । ਮਧੂ-ਮੱਖੀਆਂ ਫੇਰ ਉਸ ਖੋਖਲੇ ਰੁੱਖ ਦੇ ਤਣੇ ਵਿੱਖ ਖੁਸ਼ੀ-ਖੁਸ਼ੀ ਰਹਿਣ ਲੱਗੀਆਂ ।

ਸਭ ਤੋਂ ਜ਼ਿਆਦਾ ਫ਼ਸਲਾਂ ਪੈਦਾ ਕਰਨ ਵਾਲੇ ਸੂਬੇ :

1	ਕਣਕ	- ਉੱਤਰ ਪ੍ਰਦੇਸ਼, ਪੰਜਾਬ, ਮੱਧ ਪ੍ਰਦੇਸ਼
2	ਚਾਵਲ	- ਪੱਛਮੀ ਬੰਗਾਲ, ਉੱਤਰ ਪ੍ਰਦੇਸ਼
3	ਬਾਜਰਾ	- ਮਹਾਰਾਸ਼ਟਰ, ਗੁਜਰਾਤ, ਰਾਜਸਥਾਨ
4	ਗੰਨਾ	- ਉੱਤਰ ਪ੍ਰਦੇਸ਼, ਮਹਾਰਾਸ਼ਟਰ
5	ਨਾਰੀਅਲ	- ਕੇਰਲ, ਤਮਿਲਨਾਡੂ
6	ਸੂਰਜਮੁਖੀ	- ਆਂਧਰਾ ਪ੍ਰਦੇਸ਼, ਮਹਾਰਾਸ਼ਟਰ, ਕਰਨਾਟਕਾ
7	ਸਰ੍ਹੋਂ	- ਰਾਜਸਥਾਨ, ਮੱਧ ਪ੍ਰਦੇਸ਼, ਹਰਿਆਣਾ
8	ਜੌਂ	- ਮਹਾਰਾਸ਼ਟਰ, ਉੱਤਰ ਪ੍ਰਦੇਸ਼, ਰਾਜਸਥਾਨ
9	ਚਨੇ	- ਮੱਧ ਪ੍ਰਦੇਸ਼, ਤਮਿਲਨਾਡੂ
10	ਖਸਖਸ	- ਉੱਤਰ ਪ੍ਰਦੇਸ਼, ਹਿਮਾਚਲ ਪ੍ਰਦੇਸ਼
11	ਅਲਸੀ	- ਰਾਜਸਥਾਨ, ਮੱਧ ਪ੍ਰਦੇਸ਼, ਹਰਿਆਣਾ
12	ਮੂੰਗਫਲੀ	- ਗੁਜਰਾਤ, ਆਂਧਰ ਪ੍ਰਦੇਸ਼, ਤਮਿਲਨਾਡੂ
13	ਤਿੱਲ	- ਉੱਤਰ ਪ੍ਰਦੇਸ਼, ਰਾਜਸਥਾਨ

✍ ਸੰਜੀਵ ਸਿੰਘ ਸੈਣੀ
ਮੁਹਾਲੀ

ਲਾਲਚੀ ਤੋਤੇ ਵਾਲੀ

ਗੁਰਨਦਰਿ
ਪੰਜਵੀਂ
ਸੇਂਟ ਜੋਸਫ਼ ਕੌਨਵੈਂਟ ਸਕੂਲ,
ਮੁਕੇਰੀਆਂ (ਹੁਸ਼ਿਆਰਪੁਰ)

ਬਹੁਤ ਸਮੇਂ ਪਹਿਲਾਂ ਦੀ ਗੱਲ ਹੈ । ਇੱਕ ਪਿੰਡ ਵਿੱਚ ਇੱਕ ਸੀਤਾ ਨਾਂ ਦੀ ਔਰਤ ਰਹਿੰਦੀ ਸੀ। ਉਸ ਕੋਲ ਇੱਕ ਤੋਤਾ ਵੀ ਸੀ। ਜਿਸ ਦਾ ਨਾਂ ਮਿੱਠੂ ਸੀ। ਉਸ ਔਰਤ ਨੇ ਸਾਰੇ ਪਿੰਡ ਵਾਲਿਆਂ ਨੂੰ ਕਿਹਾ ਹੋਇਆ ਸੀ ਕਿ ਉਸਦਾ ਤੋਤਾ ਬੋਲਣ ਵਾਲਾ ਤੋਤਾ ਹੈ ਅਤੇ ਭਵਿੱਖਬਾਣੀ ਵੀ ਕਰਦਾ ਹੈ। ਸਾਰੇ ਪਿੰਡ ਵਾਲਿਆਂ ਨੇ ਉਸ ਦੀਆਂ ਗੱਲਾਂ ਤੇ ਭਰੋਸਾ ਕਰ ਲਿਆ । ਹੁਣ ਰੋਜ਼ ਹੀ ਉਸਦੇ ਘਰ ਦੇ ਬਾਹਰ ਲੋਕਾਂ ਦੀ ਭੀੜ ਰਹਿਣ ਲੱਗੀ। ਉਹ ਤਾਂ ਤੋਤੇ ਤੋਂ ਬਹੁਤ ਸਾਰੇ ਪੈਸੇ ਵੀ ਕਮਾਉਣ ਲੱਗ ਪਈ ਸੀ। ਉਸ ਪਿੰਡ ਵਿੱਚ ਬਰਖੂ ਨਾਂ ਦਾ ਇੱਕ ਲੜਕਾ ਰਹਿੰਦਾ ਸੀ। ਜਿਸ ਨੂੰ ਇਸ ਪਿੰਡ ਵਿੱਚ ਆਏ ਅਜੇ ਇੱਕ ਮਹੀਨਾ ਹੀ ਹੋਇਆ ਸੀ। ਬਰਖੂ ਨੂੰ ਇਨ੍ਹਾਂ ਚਮਤਕਾਰਾਂ ਤੇ ਬਿਲਕੁਲ ਵੀ ਭਰੋਸਾ ਨਹੀਂ ਸੀ। ਉਸਨੇ ਫੈਸਲਾ ਕੀਤਾ ਕਿ ਉਹ ਅਸਲ ਸੱਚ ਦਾ ਪਤਾ ਲਗਾ ਕੇ ਹੀ ਰਹੇਗਾ । ਬਰਖੂ ਥੋੜ੍ਹੇ ਸਮੇਂ ਪਿੱਛੋਂ ਉਸ ਤੋਤੇ ਵਾਲੀ ਦੇ ਘਰ ਗਿਆ ਤੇ ਕਹਿਣ ਲੱਗਾ, ''ਭੈਣ ਜੀ ! ਮੈਨੂੰ ਲੱਗਦਾ ਹੈ ਕਿ ਇਹ ਤੋਤਾ ਮੇਰੇ ਲਈ ਲਾਭਦਾਇਕ ਹੋਵੇਗਾ, ਕੀ ਤੁਸੀਂ ਮੈਨੂੰ ਆਪਣਾ ਤੋਤਾ ਰੱਖਣ ਲਈ ਦੇ ਸਕਦੇ ਹੋ ?'' ਲਾਲਚੀ ਸੀਤਾ ਝੱਟ ਬੋਲ ਪਈ, ''ਤੁਸੀਂ ਮੈਨੂੰ ਬਦਲੇ ਵਿੱਚ ਕੀ ਦੇਵੋਗੇ ?'' ਬਰਖੂ ਬੋਲਿਆ, ''ਮੂੰਹ ਮੰਗੇ ਪੈਸੇ।'' ਸੀਤਾ ਨੇ ਸੋਚਿਆ ਕਿ ਜੇ ਮੈਂ ਇਸ ਮੁੰਡੇ ਨੂੰ ਤੋਤਾ ਵੇਚ ਦੇਵਾਂ ਤਾਂ ਫਿਰ ਮੇਰੇ ਕੋਲ ਹੋਰ ਵੀ ਜ਼ਿਆਦਾ ਪੈਸੇ ਇਕੱਠੇ ਹੋ ਜਾਣਗੇ। ਉਸਨੇ ਬਰਖੂ ਨੂੰ ਉਹ ਤੋਤਾ ਤਿੰਨ ਹਜਾਰ ਰੁਪਏ ਵਿੱਚ ਵੇਚ ਦਿੱਤਾ। ਬਰਖੂ ਨੇ ਉਸ ਤੋਤੇ ਨਾਲ ਅਜੇ ਦੋ ਦਿਨ ਹੀ ਗੁਜ਼ਾਰੇ ਸਨ। ਉਸ ਨੇ ਤੋਤੇ ਨੂੰ ਨਾ ਹੀ ਬੋਲਦਾ ਤੇ ਨਾ ਹੀ ਭਵਿੱਖਬਾਣੀ ਕਰਦਾ ਵੇਖਿਆ। ਬਰਖੂ ਵਾਪਿਸ ਉਸ ਤੋਤੇਵਾਲੀ ਦੇ ਘਰ ਗਿਆ। ਉਸਨੇ ਵੇਖਿਆ ਕਿ ਸੀਤਾ ਪੈਸੇ ਗਿਣ ਰਹੀ ਹੈ ਅਤੇ ਕਹਿ ਰਹੀ ਹੈ, ''ਹਾ...ਹਾ... ਹਾ...ਉਸ ਬਰਖੂ ਤਾਂ ਬੜਾ ਪਾਗਲ ਹੈ, ਬਿਨਾਂ ਸੋਚੇ

ਸਮਝੇ ਹੀ ਤੋਤਾ ਲੈ ਗਿਆ, ਉਸ ਨੂੰ ਕੀ ਪਤਾ ਕਿ ਉਹ ਕੋਈ ਬੋਲਣ ਵਾਲਾ ਤੋਤਾ ਨਹੀਂ ਹੈ ਉਹ ਤਾਂ ਉਸਨੇ ਤੋਤੇ ਦੇ ਪਿੱਛੇ ਕਿਸੇ ਵੀ ਆਵਾਜ਼ ਲਾਈ ਹੋਈ ਸੀ।'' ਬਰਖੂ ਨੂੰ ਹੁਣ ਸੱਚ ਦਾ ਪਤਾ ਲੱਗ ਚੁੱਕਾ ਸੀ। ਉਸਨੇ ਸਰਪੰਚ ਦੇ ਨਾਲ-ਨਾਲ ਸਾਰੇ ਪਿੰਡ ਵਾਲਿਆਂ ਨੂੰ ਵੀ ਸੀਤਾ ਦੇ ਇਸ ਝੂਠ ਬਾਰੇ ਦੱਸਿਆ। ਪਿੰਡ ਵਾਲਿਆਂ ਨੂੰ ਸੀਤਾ ਦੇ ਇਸ ਕਾਰੇ ਤੇ ਬੜਾ ਗੁੱਸਾ ਆਇਆ। ਉਨ੍ਹਾਂ ਨੇ ਬਰਖੂ ਨੂੰ ਕਿਹਾ, ''ਬਰਖੂ ਅਸੀਂ ਸਾਰੇ ਤੇਰੇ ਨਾਲ ਹਾਂ ।'' ਬਰਖੂ ਨੂੰ ਸਾਰਿਆਂ ਦੇ ਸਾਥ ਨਾਲ ਬਹੁਤ ਚੰਗਾ ਮਹਿਸੂਸ ਹੋਇਆ। ਉਹ ਫਿਰ ਉਸ ਤੋਤੇ ਵਾਲੀ ਦੇ ਘਰ ਗਿਆ ਅਤੇ ਕਹਿਣ ਲੱਗਾ, ''ਭੈਣ ਜੀ ! ਤੁਹਾਡਾ ਤੋਤਾ ਤਾਂ ਸੱਚੀ ਬੜਾ ਫਾਇਦੇਮੰਦ ਹੈ ਅਤੇ ਇਸ ਤੋਤੇ ਦੀ ਵਜ੍ਹਾ ਨਾਲ ਮੈਂ ਦਸ ਹਜ਼ਾਰ ਰੁਪਏ ਕਮਾ ਲਏ ਹਨ।'' ਸੀਤਾ ਬਿਨ੍ਹਾਂ ਸੋਚਿਆਂ ਬੋਲ ਉੱਠੀ, ''ਇਹ ਕਿਸ ਤਰ੍ਹਾਂ ਬੋਲਣ ਲੱਗ ਪਿਆ ?'' ਇਹ ਸੁਣ ਕੇ ਸਾਰੇ ਪਿੰਡ ਇਕੱਠੇ ਹੋ ਜਾਂਦੇ ਹਨ ਅਤੇ ਕਹਿੰਦੇ ਹਨ, ''ਸੀਤਾ ਸਾਨੂੰ ਤੇਰੇ ਝੂਠ ਬਾਰੇ ਪਤਾ ਲੱਗ ਚੁੱਕਾ ਹੈ।'' ਸੀਤਾ ਸਾਰਿਆਂ ਸਾਹਮਣੇ ਬਹੁਤ ਸ਼ਰਮਿੰਦਾ ਹੁੰਦੀ ਹੈ ਅਤੇ ਹੱਥ ਜੋੜ ਕੇ ਸਾਰਿਆਂ ਤੋਂ ਆਪਣੇ ਝੂਠ ਲਈ ਮਾਫੀ ਮੰਗਦੀ ਹੈ।।

ਸਿੱਖਿਆ : ਸਾਨੂੰ ਕਦੇ ਵੀ ਸਵਾਰਥੀ ਨਹੀਂ ਬਣਨਾ ਚਾਹੀਦਾ।

ਜ਼ਿਮੀਦਾਰ ਅਤੇ ਗੰਨੇ

ਕਰਨਵੀਰ
S.A.S. ਸੀਨੀਅਰ ਸੈਕੰਡਰੀ ਸਕੂਲ ਪਾਲਦੀ
(ਹੁਸ਼ਿਆਰਪੁਰ)

ਇੱਕ ਛੋਟੇ ਜਿਹੇ ਪਿੰਡ ਵਿੱਚ ਇੱਕ ਜ਼ਿਮੀਦਾਰ ਹੁੰਦਾ ਹੈ। ਇਕ ਦਿਨ ਉਹ ਜ਼ਿਮੀਦਾਰ ਦਾ ਵੱਡਾ ਮੁੰਡਾ ਦੀਪੂ ਘੁੰਮਦਾ-ਘੁੰਮਦਾ ਆਪਣੇ ਖੇਤਾਂ ਵੱਲ ਚਲਾ ਜਾਂਦਾ ਹੈ ਤੇ ਵੇਖਦਾ ਹੈ ਕਿ ਖੇਤ 'ਚੋਂ ਕੁਝ ਗੰਨੇ ਟੁੱਟੇ ਪਏ ਸਨ ਤੇ ਉਹ ਗੁੱਸੇ ਵਿੱਚ ਆ ਕਹਿੰਦਾ ਹੈ ਕਿ ਪਤਾ ਨਹੀਂ ਕੌਣ ਕਮਬਖ਼ਤ ਸਾਡੇ ਖੇਤ ਦੇ ਗੰਨੇ ਲੈ ਗਿਆ । ਆਸ-ਪਾਸ ਵੇਖਦਾ ਹੈ ਪਰ ਉਸਨੂੰ ਉਥੇ ਕੋਈ ਵੀ ਦਿਖਾਈ ਨਹੀਂ ਦਿੰਦਾ ਹੈ। ਅੱਗੇ ਚਲਾ ਜਾਂਦਾ ਹੈ। ਥੋੜ੍ਹੀ ਕੁ ਦੂਰ ਜਾ ਉਸਨੂੰ ਉਸ ਦਾ ਛੋਟਾ ਭਰਾ ਰਾਮ ਮਿਲ ਜਾਂਦਾ ਹੈ। ਰਾਮ ਆਪਣੇ ਵੱਡੇ ਭਰਾ ਦੀਪੂ ਤੋਂ ਪੁੱਛਦਾ ਹੈ ਕਿ ਕੀ ਹੋਇਆ ? ਤੂੰ ਇੰਨੇ ਗੁੱਸੇ ਵਿੱਚ ਕਿਉਂ ਹੈ ? ਦੀਪੂ ਕਹਿੰਦਾ ਹੈ ਕਿ ਪਤਾ ਨਹੀਂ ਕਿ ਸਾਡੇ ਖੇਤ ਦੀ ਫਸਲ ਖ਼ਰਾਬ ਹੋ ਚੁੱਕੀ ਹੈ। ਫਿਰ ਰਾਮ ਕਹਿੰਦਾ ਹੈ ਕਿ ਤੁਸੀਂ ਗੁੱਸਾ ਛੱਡੋ ਚਲੋ ਅੱਗੇ ਘੁੰਮਣ ਚੱਲਦੇ ਹਾਂ। ਜਦ ਉਹ ਘੁੰਮਦੇ ਹੋਏ ਅੱਗੇ ਚੱਲਦੇ ਹਨ ਤਾਂ ਉਹਨਾਂ ਨੂੰ ਆਪਣੇ ਪਿਤਾ ਜੀ ਦੇ ਜ਼ਿਮੀਦਾਰ ਦੋਸਤ ਦੇ ਖੇਤ ਵਿੱਚ ਬਹੁਤ ਚੰਗੇ ਗੰਨੇ ਲੱਗੇ ਵਿਖਾਈ ਦਿੰਦੇ ਹਨ ਤਾਂ ਵੱਡਾ ਭਰਾ ਦੀਪੂ ਆਖਦਾ ਹੈ ਕਿ ਵੇਖ ਅੰਕਲ ਜੀ ਦੇ ਖੇਤ 'ਚ ਕਿੰਨੇ ਸੋਹਣੇ ਗੰਨੇ ਲੱਗੇ ਹਨ ? ਤੂੰ ਇੰਝ ਕਰ ਗੰਨੇ ਤੋੜ ਕੇ ਲੈ ਆ। ਪਰ ਰਾਮ ਕਹਿੰਦਾ ਹੈ ਕਿ ਨਹੀਂ ਦੀਪੂ ਮੈਂ ਗੰਨੇ ਨਹੀਂ ਤੋੜ ਕੇ ਲਿਆਉਣੇ। ਤੈਨੂੰ ਯਾਦ ਨਹੀਂ ਕਿ ਜਦ ਸਾਡੇ ਖੇਤ 'ਚੋਂ ਗੰਨੇ ਤੋੜੇ ਹੋਏ ਸਨ ਤਾਂ ਤੈਨੂੰ ਕਿੰਝ ਗੁੱਸਾ ਆਇਆ ਸੀ ਤੇ ਅੰਕਲ ਜੀ ਨੂੰ ਜਦ ਪਤਾ ਚਲੇਗਾ ਤਾਂ ਉਨ੍ਹਾਂ ਨੂੰ ਕਿੰਨਾ ਗੁੱਸਾ ਆਵੇਗਾ। ਫਿਰ ਦੀਪੂ ਕਹਿੰਦਾ ਹੈ ਕਿ ਫਿਰ ਕੀ ਹੋਇਆ ਜੇ ਅਸੀਂ ਇੱਕ-ਦੋ ਗੰਨੇ ਤੋੜ ਲਏ ਤਾਂ ਉਥੇ ਕਿਹੜਾ ਕਿਸੇ ਨੂੰ ਪਤਾ ਲੱਗੇਗਾ ਆਪਾਂ ਛੇਤੀ-ਛੇਤੀ ਭੱਜ ਜਾਵਾਂਗੇ। ਉਹ ਇੰਨੀ

ਗੱਲ ਕਰਦਾ ਹੈ ਤਾਂ ਉਧਰੋਂ ਜ਼ਿਮੀਦਾਰ ਆ ਜਾਂਦਾ ਹੈ ਤੇ ਕਹਿੰਦਾ ਹੈ, ਓ ਕਿਵੇਂ ਹੋ ਤੁਸੀਂ ਦੋਏ। ਉਹ ਕਹਿੰਦੇ ਹਨ ਕਿ ਰਾਜੀ ਠੀਕ ਹਾਂ । ਅੰਕਲ ਜੀ ਤੁਸੀਂ ਦੱਸੋ ਤੁਸੀਂ ਕਿਵੇਂ ਹੋ ? ਫਿਰ ਉਹ ਕਹਿੰਦਾ ਹੈ ਕਿ ਹਾਂ ਠੀਕ ਹਾਂ, ਤੁਸੀਂ ਕਿਸੇ ਹੋਰ ਨੂੰ ਇੱਥੇ ਵੇਖਿਆ ਹੈ ਤਾਂ ਉਹ ਕਹਿੰਦੇ ਹਨ ਕਿ ਨਹੀਂ ਕੀ ਹੋਇਆ ਅੰਕਲ ਜੀ ? ਤਾਂ ਉਹ ਦੱਸਦਾ ਹੈ ਕਿ ਦੋ-ਤਿੰਨ ਦਿਨ ਹੋ ਗਏ ਕੋਈ ਗੰਨੇ ਤੋੜ ਲੈ ਜਾਂਦਾ ਹੈ, ਇਸ ਲਈ ਮੈਂ ਸਵੇਰ ਦਾ ਲੁਕ ਕੇ ਵੇਖ ਰਿਹਾ ਸੀ ਕਿ ਕੌਣ ਹੈ ਉਹ ਪਰ ਮੈਨੂੰ ਕੋਈ ਨਹੀਂ ਮਿਲਿਆ । ਇੰਨੀ ਗੱਲ ਕਹਿ ਉਹ ਉਥੋਂ ਚਲਾ ਜਾਂਦਾ ਹੈ। ਫਿਰ ਰਾਮ ਦੀਪੂ ਨੂੰ ਕਹਿੰਦਾ ਹੈ ਕਿ ਚੰਗਾ ਹੋਇਆ ਕਿ ਮੈਂ ਗੰਨੇ ਨਹੀਂ ਤੋੜੇ ਨਹੀਂ ਤਾਂ ਸਾਰਾ ਦੋਸ਼ ਸਾਡੇ ਦੋਵਾਂ 'ਤੇ ਪੈ ਜਾਣਾ ਸੀ। ਚੱਲ ਛੱਡ ਆਪਾਂ ਘਰ ਨੂੰ ਚੱਲਦੇ ਹਾਂ।

ਆਤਮ ਵਿਸ਼ਵਾਸ਼

ਅਮਰੀਕ ਸਿੰਘ ਤਲਵੰਡੀ ਕਲਾਂ,
ਗਿੱਲ ਨਗਰ,ਗਲੀ ਨੰ-13.
ਮੁਲਾਂਪੁਰ ਦਾਖਾ (ਲੁਧਿਆਣਾ)
9463542896

ਅੱਜ ਸਾਡੇ ਸਕੂਲ ਨੂੰ ਬੜੇ ਸੁੰਦਰ ਢੰਗ ਨਾਲ ਸਜਾਇਆ ਗਿਆ ਸੀ।ਸਾਰੇ ਹੀ ਬੱਚੇ ਸਾਫ ਸੁਥਰੀਆਂ ਵਰਦੀਆ ਵਿੱਚ ਸਨ।ਸਟੇਜ ਸ਼ਿੰਗਾਰੀ ਜਾ ਰਹੀ ਸੀ।ਸਪੀਕਰ 'ਤੇ ਹੈਲੋ-ਹੈਲੋ ਹੋ ਰਹੀ ਸੀ।ਇਲਾਕੇ ਦੇ ਬੁਲਾਏ ਮਹਿਮਾਨ ਵੀ ਸਕੂਲ ਪਹੁੰਚ ਰਹੇ ਸਨ।ਪੂਰੇ ਸਮੇਂ ਸਿਰ ਪਰੋਗਾਰਮ ਦੀ ਸ਼ੁਰੂਆਤ ਕੀਤੀ ਗਈ।ਸਟੇਜ ਸਕੱਤਰ ਨੇ ਸਾਰੇ ਸਰੋਤਿਆਂ ਨੂੰ ਸੰਬੋਧਨ ਹੁੰਦਿਆ ਆਖਿਆ, 'ਤੁਹਾਡੇ ਵਿੱਚੋਂ ਬਹੁਤ ਸਾਰੇ ਸਰੋਤਿਆਂ ਨੂੰ ਇਸ ਗੱਲ ਦਾ ਭਲੀ ਭਾਂਤ ਪਤਾ ਹੋਵੇਗਾ ਕਿ ਅੱਜ ਅਸੀਂ ਸਕੂਲ ਦੀ ਬਹੁਤ ਹੀ ਹੋਣਹਾਰ ਵਿਦਿਆਰਥਣ ਅਮਨਪ੍ਰੀਤ ਕੌਰ ਨੂੰ ਸਨਮਾਨਿਤ ਕਰਨਾ ਹੈ ਕਿਉਂਕਿ ਉਸ ਨੇ ਪਿਛਲੇ ਦਿਨੀਂ ਹੋਏ ਰਾਜ ਪੱਧਰ ਦੇ ਵਿਦਿਅਕ ਮੁਕਾਬਲਿਆਂ ਵਿੱਚ ਗੀਤ ਗਾਉਣ ਦੇ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ।ਇਸ ਹੋਣਹਾਰ ਵਿਦਿਆਰਥਣ ਨੇ ਆਪਣਾ ,ਸਕੂਲ ਅਤੇ ਆਪਣੇ ਪਿੰਡ ਤਲਵੰਡੀ ਕਲਾਂ ਦਾ ਨਾਂ ਰੋਸ਼ਨ ਕੀਤਾ ਹੈ ।ਇਸ ਦੇ ਨਾਂਅ ਦੀਆਂ ਜ਼ੋਰਾਦਾਰ ਤਾੜੀਆਂ ਵਜਾਈਆਂ ਜਾਣ।ਸਟੇਜ ਸਕੱਤਰ ਨੇ ਸੱਤਵੀਂ ਜਮਾਤ ਦੀ ਇੰਚਾਰਜ ਮੈਡਮ ਜਗਦੀਸ਼ ਕੌਰ ਨੂੰ ਬੇਨਤੀ ਕੀਤੀ ਕਿ ਉਹ ਬਾਕੀ ਮੈਡਮਾਂ ਨੂੰ ਨਾਲ ਲੈ ਕੇ ਅਮਨਪ੍ਰੀਤ ਕੌਰ ਨੂੰ ਪੂਰੇ ਸਤਿਕਾਰ ਨਾਲ ਲੈ ਕੇ ਆਵਣ।ਬੈਂਡ ਵਾਲੇ ਬੱਚਿਆਂ ਨੂੰ ਆਖਿਆ ਗਿਆ ਕਿ ਉਹ ਅਮਨਪ੍ਰੀਤ ਕੌਰ ਦੇ ਅੱਗੇ ਬੈਂਡ ਵਜਾਉਣ ਦੀ ਸੇਵਾ ਨਿਭਾਉਣ।ਪੂਰੇ ਮਾਣ ਸਤਿਕਾਰ ਨਾਲ ਅਮਨਪ੍ਰੀਤ ਨੂੰ ਹਾਰਾਂ ਨਾਲ ਲੱਦ ਕੇ ਪੂਰੇ ਪੰਡਾਲ ਵਿੱਚ ਤਾੜੀਆਂ ਦੀ ਗੂੰਜ ਵਿੱਚ ਲਿਆਂਦਾ ਗਿਆ।ਪ੍ਰਿੰਸੀਪਲ ਮੈਡਮ ਕੁਲਦੀਪ ਕੌਰ ਨੇ ਸਾਰੇ ਮਹਿਮਾਨਾਂ ਨੂੰ ਜੀਅ ਆਇਆ ਆਖਦੇ ਹੋਏ ਅਮਨਪ੍ਰੀਤ ਅਤੇ ਸਕੂਲ ਦੀਆਂ ਸ਼ਾਨਦਾਰ ਪ੍ਰਾਪਤੀਆਂ ਦਾ ਜ਼ਿਕਰ ਕੀਤਾ।ਉਸ ਤੋਂ ਬਾਅਦ ਸਕੂਲੀ ਬੱਚਿਆਂ ਨੇ ਰੰਗਾ ਰੰਗ ਪ੍ਰੋਗਰਾਮ ਪੇਸ਼ ਕੀਤਾ।ਅਖੀਰ ਵਿੱਚ ਅਮਨਪ੍ਰੀਤ ਦਾ ਸ਼ਾਨਦਾਰ ਢੰਗ ਨਾਲ ਸਨਮਾਨ ਕੀਤਾ ਗਿਆ।ਸਟੇਜ ਸਕੱਤਰ ਨੇ ਅਮਨਪ੍ਰੀਤ ਨੂੰ ਪਹਿਲੇ ਸਥਾਨ ਵਾਲਾ ਗੀਤ ਗਾਉਣ ਲਈ ਅਤੇ ਆਪਣੇ ਤਜਰਬੇ ਸਰੋਤਿਆਂ ਨਾਲ ਸਾਂਝੇ ਕਰਨ ਲਈ ਕਿਹਾ।ਅਮਨਪ੍ਰੀਤ ਕੌਰ ਨੇ ਸਟੇਜ ਨੂੰ ਮੱਥਾ ਟੇਕਣ ਉਪਰੰਤ ਸਾਰੇ ਸਰੋਤਿਆਂ ਦਾ ਧੰਨਵਾਦ ਕੀਤਾ ਅਤੇ ਪਹਿਲੇ ਸਥਾਨ ਵਾਲਾ ਗੀਤ ਸੁਣਾਇਆ,ਸਾਰਾ ਪੰਡਾਲ ਇੱਕ ਵਾਰ ਫੇਰ ਤਾੜੀਆਂ ਨਾਲ ਗੂੰਜ ਉਠਿਆ ਸੀ।ਇਸ ਉਪਰੰਤ ਉਸ ਨੇ ਇਸ ਪਹਿਲੇ ਸਥਾਨ 'ਤੇ ਪਹੁੰਚਣ ਲਈ ਕਿੰਨੀ ਮਿਹਨਤ ਅਤੇ ਤਪੱਸਿਆ ਕੀਤੀ ਉਹ ਸਾਰੀ ਸਰੋਤਿਆਂ ਨਾਲ ਸਾਂਝੀ ਕੀਤੀ।ਉਸ ਨੇ ਦੱਸਿਆ , 'ਮੈਂ ਪ੍ਰਾਇਮਰੀ ਸਕੂਲ ਵਿੱਚ ਪੜ੍ਹਦਿਆਂ ਹੋਇਆਂ ਜਦੋਂ ਸਕੂਲ ਵਿੱਚ ਪਹਿਲੀ ਵੇਰ ਬਾਲ ਸਭਾ ਵਿੱਚ ਮੈਂ ਆਪਣੀ ਮੈਡਮ ਨੂੰ ਕਿਹਾ ਕਿ ਮੈਂ ਗੀਤ ਸੁਣਾਉਣਾ ਹੈ।ਮੈਡਮ ਨੇ ਤਾੜੀਆਂ ਦੀ ਗੂੰਜ ਵਿੱਚ ਮੈਨੂੰ ਬੱਚਿਆਂ ਸਾਹਮਣੇ ਪੇਸ਼ ਕੀਤਾ ਮੈਂ ਗਾਉਂਦੀ-ਗਾਉਂਦੀ ਭੁੱਲ ਗਈ।ਬੱਚਿਆਂ ਨੇ ਫੇਰ ਜ਼ੋਰਦਾਰ ਤਾੜੀਆਂ ਮਾਰ ਦਿੱਤੀਆਂ। ਪਹਿਲੀਆਂ ਤਾੜੀਆਂ ਤੇ ਪਿਛਲੀਆਂ ਤਾੜੀਆਂ ਵਿੱਚ ਧਰਤੀ ਅਸਮਾਨ ਦਾ ਫਰਕ ਸੀ।ਪਹਿਲੀਆਂ ਤਾੜੀਆਂ ਮੇਰਾ ਹੌਂਸਲਾ ਬੁਲੰਦ ਕਰਨ ਲਈ ਸੀ ਦੂਜੀਆਂ ਤਾੜੀਆਂ ਮਜ਼ਾਕ ਵਜੋਂ ਮੇਰੇ ਹੌਂਸਲੇ ਪਸਤ ਕਰਨ ਲਈ ਸਨ।ਮੈਂ ਸ਼ਰਮਿੰਦਾ ਹੋਈ ਕਈ ਦਿਨ ਬੜਾ ਸੋਚਦੀ ਰਹੀ ਕਿ ਇਹਨਾਂ ਮਜ਼ਾਕ ਵਾਲੀਆਂ ਤਾੜੀਆਂ ਦਾ ਕਿਵੇਂ ਜਵਾਬ ਦਿੱਤਾ ਜਾਵੇ ਅਖੀਰ ਇੱਕ ਦਿਨ ਇੱਕ ਕੀੜਾ ਵੇਖਿਆ ਜਿਹੜਾ ਕਿ ਕੰਧ ਉਪਰ ਚੜ੍ਹਦਾ ਸੀ ਤੇ ਡਿੱਗ ਪੈਂਦਾ ਸੀ।ਮੈਂ ਬੜੇ ਧਿਆਨ ਨਾਲ ਵੇਖਿਆ ਇਹ ਸਿਲਸਲਾ ਕਾਫੀ ਦੇਰ ਚਲਦਾ ਰਿਹਾ।ਕੀੜਾ ਓਨਾਂ ਚਿਰ ਕੰਧ ਉਪਰ ਚੜ੍ਹਨੋਂ ਨਾ

ਹਟਿਆ ਜਿੰਨਾ ਚਿਰ ਉਹ ਆਪਣੇ ਅਸਲ ਟਿਕਾਣੇ 'ਤੇ ਨਾ ਪਹੁੰਚਿਆ। ਇਹ ਵੇਖ ਕੇ ਮੈਂ ਵੀ ਓਸੇ ਦਿਨ ਪ੍ਰਣ ਕਰ ਲਿਆ ਕਿ ਜਿੰਨਾ ਚਿਰ ਮੈਂ ਕੋਈ ਮੰਜ਼ਿਲ ਪਾ ਨਹੀਂ ਲੈਂਦੀ ਮੈਂ ਵੀ ਟਿੱਕ ਕੇ ਨਹੀਂ ਬੈਠਾਂਗੀ। ਮੈਨੂੰ ਨਹੀਂ ਪਤਾ ਮੇਰੇ ਵਿੱਚ ਐਨਾ ਆਤਮ ਵਿਸ਼ਵਾਸ਼ ਕਿੱਥੋਂ ਆ ਗਿਆ। ਬਸ ਏਸੇ ਆਤਮ ਵਿਸ਼ਵਾਸ਼ ਨਾਲ ਮੈਂ ਪੂਰੇ ਜ਼ੋਰਾਂ ਸ਼ੋਰਾਂ ਨਾਲ ਤਿਆਰੀ ਆਰੰਭ ਕਰ ਦਿੱਤੀ। ਪ੍ਰਾਇਮਰੀ ਸਕੂਲ ਦੇ ਵਿਦਿਆਕ ਮੁਕਾਬਲਿਆ ਵਿੱਚ ਮੇਰਾ ਜ਼ਿਲ੍ਹੇ ਵਿੱਚ ਦੂਸਰਾ ਸਥਾਨ ਸੀ ਉਸ ਤੋਂ ਬਾਅਦ ਹਾਈ ਸਕੂਲ ਜਦੋਂ ਮੈਂ ਛੇਵੀਂ ਜਮਾਤ ਵਿੱਚ ਹੋ ਗਈ ਤਾਂ ਵਿਦਿਅਕ ਮੁਕਾਬਲਿਆ ਵਿੱਚ ਪਹਿਲਾਂ ਨਾਲੋਂ ਵੀ ਵੱਧ ਜ਼ੋਰ ਸ਼ੋਰ ਨਾਲ ਤਿਆਰੀ ਕੀਤੀ ਮੇਰਾ ਜ਼ਿਲ੍ਹੇ ਵਿੱਚ ਪਹਿਲਾ ਸਥਾਨ ਸੀ। ਸਟੇਟ ਪੱਧਰ 'ਤੇ ਮੇਰਾ ਦੂਜਾ ਸਥਾਨ ਸੀ। ਫਿਰ ਮੈਂ ਸੱਤਵੀਂ ਜਮਾਤ ਵਿੱਚ ਮੁੱਢ ਤੋਂ ਹੀ ਜ਼ੋਰਾਂ ਸ਼ੋਰਾਂ ਨਾਲ ਤਿਆਰੀ ਵਿੱਢ ਦਿੱਤੀ ਅਤੇ ਲੋੜੀਂਦੇ ਸਾਜ ਵੀ ਆਪ ਵਜਾਉਣੇ ਸਿੱਖ ਲਏ । ਇਸ ਵੇਰ ਦੇ ਵਿਦਿਅਕ ਮੁਕਾਬਲਿਆਂ ਵਿੱਚ ਜ਼ਿਲ੍ਹੇ ਵਿੱਚ ਵੀ ਮੇਰਾ ਪਹਿਲਾ ਸਥਾਨ ਸੀ ਅਤੇ ਰਾਜ ਪੱਧਰੀ ਮੁਕਾਬਲਿਆਂ ਵਿੱਚ ਮੇਰਾ ਪਹਿਲਾ ਸਥਾਨ ਸੀ । ਇਸ ਸਨਮਾਨ ਪਿੱਛੇ ਜਿੱਥੇ ਮੇਰੀ ਮਿਹਨਤ ਰੰਗ ਲਿਆਈ ਹੈ ਉਥੇ ਮੇਰੇ ਬਹੁਤ ਹੀ ਸੂਝਵਾਨ ਅਤੇ ਮਿਹਨਤੀ ਅਧਿਆਪਕਾਂ ਦੇ ਸਹਿਯੋਗ ਅਤੇ ਅਗਵਾਈ ਦਾ ਵੀ ਬਹੁਤ ਵੱਡਾ ਯੋਗਦਾਨ ਹੈ। ਮੇਰੇ ਮਾਂ ਬਾਪ ਨੇ ਮੇਰੇ ਹੌਂਲੇ ਬੁਲੰਦ ਰੱਖੇ। ਪਰ ਸਭ ਤੋਂ ਵੱਧ ਮੇਰੇ ਵਿਚਲੇ ਆਤਮ ਵਿਸ਼ਵਾਸ਼ ਨੇ ਮੈਨੂੰ ਆਪਣੀ ਮੰਜ਼ਿਲ 'ਤੇ ਪਹੁੰਚਾਇਆ ਹੈ ਇੱਕ ਵਾਰ ਫੇਰ ਤੁਹਾਡਾ ਸਭ ਦਾ ਬਹੁਤ ਬਹੁਤ ਧੰਨਵਾਦ'। ਇੱਕ ਵਾਰ ਫੇਰ ਸਾਰਾ ਪੰਡਾਲ ਤਾੜੀਆਂ ਨਾਲ ਗੂੰਜ ਉਠਿਆ ਸੀ। ਅਖੀਰ ਵਿੱਚ ਵਿਦਿਅਕ ਮੁਕਾਬਲਿਆਂ ਦੀ ਇੰਚਾਰਜ ਮੈਡਮ ਜਗਦੀਸ਼ ਕੌਰ ਨੇ ਸਭ ਮਹਿਮਾਨਾਂ ਦਾ ਸਮੂਹ ਸਕੂਲ ਵੱਲੋਂ ਭਾਵਪੂਰਤ ਸ਼ਬਦਾਂ ਰਾਹੀਂ ਧੰਨਵਾਦ ਕੀਤਾ।

ਮਛਲੀ ਦਾ ਪਰਿਵਾਰ

ਹਰਲੀਨ
ਤੀਜੀ
ਦਸਮੇਸ਼ ਪਬਲਿਕ ਸਕੂਲ, ਮੁਕੇਰੀਆਂ



ਇੱਕ ਵਾਰ ਦੀ ਗੱਲ ਹੈ । ਇਕ ਮਛਲੀ ਅਤੇ ਉਸਦਾ ਨਿੱਕਾ ਜਿਹਾ ਪਰਿਵਾਰ ਸੀ। ਮਛਲੀ ਦੇ ਬੱਚੇ ਬਾਹਰ ਖੇਡਣ ਜਾ ਰਹੇ ਸੀ। ਮਛਲੀ ਨੇ ਉਹਨਾਂ ਨੂੰ ਕਿਹਾ, "ਬੱਚਿਓ ! ਜੇ ਤੁਸੀਂ ਇਕੱਲੇ ਗਏ ਤਾਂ ਵੇਲ ਆ ਕੇ ਤੁਹਾਨੂੰ ਮਾਰ ਸਕਦੀ ਹੈ। " ਪਰ ਬੱਚਿਆਂ ਨੇ ਆਪਣੀ ਮਾਂ ਦੀ ਗੱਲ ਨਾ ਸੁਣੀ ਅਤੇ ਬਾਹਰ ਚਲੇ ਗਏ। ਵੇਲ ਨੂੰ ਉਹਨਾਂ ਦੀ ਖੁਸ਼ਬੂ ਆ ਗਈ । ਵੇਲ ਬਾਹਰ ਆ ਕੇ ਆਖਣ ਲੱਗੀ, "ਬੱਚਿਓ ! ਮੈਂ ਆਪਣੇ ਘਰ ਤੁਹਾਡਾ ਮਨਪਸੰਦ ਭੋਜਨ ਬਣਾਇਆ ਹੈ। ਤੁਸੀਂ ਮੇਰੇ ਘਰ ਆ ਕੇ ਉਹ ਖਾਣਾ ਖਾ ਲਓ ।" ਇਹ ਸੁਣ ਕੇ ਬੱਚੇ ਖੁਸ਼ ਹੋ ਗਏ ਅਤੇ ਵੇਲ ਨਾਲ ਤੁਰ ਪਏ। ਜਿੱਦਾਂ ਹੀ ਬੱਚੇ ਅੰਦਰ ਗਏ ਤਾਂ ਵੇਲਾਂ ਦੀ ਸਾਰੀ ਸੈਨਾ ਇਕੱਠੀ ਹੋ ਕੇ ਕਹਿਣ ਲੱਗ ਪਈ, "ਵਾਹ ! ਵਾਹ ! ਅੱਜ ਤੇ ਮੱਛਲੀਆਂ ਦਾ ਸੁਆਦਲਾ ਖਾਣਾ ਹੀ ਖਾਵਾਂਗੇ ।" ਬੱਚਿਆਂ ਨੇ ਇਹ ਗੱਲ ਸੁਣ ਕੇ ਦੌੜਨ ਦੀ ਕੋਸ਼ਿਸ਼ ਕੀਤੀ। ਪਰ ਵੇਲ ਨੇ ਕਿਹਾ, "ਮੈਂ ਤਾਂ ਤੁਹਾਡਾ ਹੀ ਭੋਜਨ ਖਾਣਾ ਚਾਹੁੰਦੀ ਸੀ, ਇਸ ਕਰਕੇ ਹੀ ਮੈਂ ਤੁਹਾਨੂੰ ਇੱਥੇ ਲੈ ਕੇ ਆਈ ਹਾਂ ।" ਮਛਲੀ ਦੇ ਘਬਰਾਏ ਬੱਚੇ ਆਪਣੇ ਮਾਂ ਨੂੰ ਆਵਾਜਾਂ ਮਾਰਨ ਲੱਗੇ। ਉਹਨਾਂ ਦੀ ਮਾਂ ਉਨ੍ਹਾਂ ਦੀਆਂ ਰੋਣ ਦੀਆਂ ਆਵਾਜ਼ਾਂ ਸੁਣ ਕੇ ਆ ਗਈ। ਉਸਨੇ ਬੜੀ ਮੁਸ਼ਕਿਲ ਨਾਲ ਦੋਹਾਂ ਬੱਚਿਆਂ ਨੂੰ ਬਚਾਇਆ ਅਤੇ ਸਮਝਾਇਆ ਕਿ ਅੱਗੇ ਤੋਂ ਬਾਹਰ ਕਦੇ ਇਕੱਲੇ ਖੇਡਣ ਨਾ ਜਾਇਓ ।

ਸਿੱਖਿਆ : ਸਾਨੂੰ ਆਪਣੇ ਮਾਤਾ-ਪਿਤਾ ਦੀ ਗੱਲ ਮੰਨਣੀ ਚਾਹੀਦੀ ਹੈ।

ਹਿੰਮਤ

ਹਰਵੀਰ ਮਾਨ ਜਮਾਤ ਨੌਵੀਂ
ਦੋਆਬਾ ਪਬਲਿਕ ਸਕੂਲ ਦੋਹਲਰੋਂ (ਹੁਸ਼ਿਆਰਪੁਰ)

ਇੱਕ ਵਾਰ ਦੀ ਗੱਲ ਹੈ ਇਕ ਪਿੰਡ ਵਿਚ ਇਕ ਗਰੀਬ ਕਿਸਾਨ ਰਹਿੰਦਾ ਸੀ। ਉਸ ਨਾਲ ਬਹੁਤ ਹੀ ਮਾੜਾ ਹੁੰਦਾ ਜਾ ਰਿਹਾ ਸੀ। ਉਸ ਦੀ ਫਸਲ ਕਈ ਵਾਰੀ ਤਾਂ ਉੱਗਦੀ ਹੀ ਨਹੀਂ ਸੀ ਤੇ ਕਈ ਵਾਰੀ ਪਸ਼ੂ ਡੰਗਰ ਖਰਾਬ ਕਰ ਜਾਂਦੇ ਸਨ। ਇਸ ਕਾਰਨ ਉਸ ਲਈ ਆਪਣੀ ਅਤੇ ਪਰਿਵਾਰ ਦੀ ਰੋਟੀ ਦੇ ਜੁਗਾੜ ਦਾ ਮਸਲਾ ਬਣਿਆ ਰਹਿੰਦਾ। ਉਹ ਇਸ ਤਰ੍ਹਾਂ ਦੀ ਆਪਣੀ ਜ਼ਿੰਦਗੀ ਤੋਂ ਬਹੁਤ ਦੁਖੀ ਸੀ। ਫਿਰ ਵੀ ਉਸਨੇ ਹੌਸਲਾ ਨਾ ਹਾਰਿਆ। ਇਸ ਵਾਰ ਫਿਰ ਬਿਜਾਈ ਕਰਨ ਦਾ ਮਨ ਬਣਾ ਲਿਆ। ਇਸ ਵਾਰ ਉਸਨੇ ਕਣਕ ਦੀ ਬਿਜਾਈ ਵਾਸਤੇ ਕਰਜਾ ਲਿਆ। ਕਰਜੇ ਦੇ ਪੈਸਿਆਂ ਨਾਲ ਕਣਕ ਦੇ ਚੰਗੇ ਬੀਜ, ਖਾਦਾਂ ਅਤੇ ਦਵਾਈਆਂ ਆਦਿ ਸਮਾਨ ਖਰੀਦ ਲਿਆ।

ਉਸਨੇ ਸਮੇਂ ਸਿਰ ਕਣਕ ਦੀ ਬਿਜਾਈ ਕੀਤੀ ਅਤੇ ਲੋੜ ਅਨੁਸਾਰ ਖਾਦਾਂ ਵੀ ਪਾਇਆਂ। ਕਝ ਦਿਨਾਂ ਬਾਅਦ ਉਸ ਦੀ ਕਣਕ ਬਹੁਤ ਵਧੀਆ ਉੱਗ ਪਈ। ਉਸਨੇ ਕਣਕ ਦੀ ਪੂਰੀ ਦੇਖ ਭਾਲ ਕੀਤੀ ਸਮੇਂ ਸਿਰ ਗੁਡਾਈ ਅਤੇ ਪਾਣੀ ਵੀ ਲਾਇਆ। ਹੁਣ ਕਣਕ ਨੂੰ ਸਿੱਟੇ ਪੈ ਗਏ ਸਨ।

ਉਹ ਆਪਣੇ ਹਰੇ ਭਰੇ ਖੇਤ ਦੇਖ ਕੇ ਬੜਾ ਖੁਸ਼ ਸੀ। ਉਹ ਆਪਣੀ ਹਰੀ ਭਰੀ ਫਸਲ ਬਾਰੇ ਆਪਣੀ ਪਤਨੀ ਅਤੇ ਬੱਚਿਆਂ ਨਾਲ ਅਕਸਰ ਗੱਲਾਂ ਕਰਦਾ।

'ਦੇਖ ਸੰਤੀਏ ਇਸ ਵਾਰ ਤੇਰੀਆਂ ਕੰਨਾ ਦੀਆਂ ਡੰਡੀਆਂ ਪੱਕੀਆਂ । ਹੱਰਿਆ ਭਰਿਆ ਖੇਤ ਹੁਲਾਰੇ ਮਾਰਦਾ ਹੈ। ਬਸ ਪ੍ਰਮਾਤਮਾ ਆਪਣੀ ਨਜ਼ਰ ਸਵੱਲੀ ਰੱਖੇ।'

'ਦੇਖੋ ਜੀ, ਜਦ ਅਸੀਂ ਦਿਨ ਰਾਤ ਮਿਹਨਤ ਕੀਤੀ ਹੈ ਤਾਂ ਮਾਲਕ ਫਲ ਵੀ ਦੇਵੇਗਾ। ਅੱਗੇ ਤਾਂ ਤੁਸੀਂ ਮੈਨੂੰ ਕਈ ਸਾਲਾਂ ਦੇ ਲਾਰੇ ਹੀ ਲਾ ਰਹੇ ਹੋ। ਲਗਦਾ ਇਸ ਵਾਰ ਮੇਰੀ ਮੁਰਾਦ ਪੂਰੀ ਹੋ ਜਾਵੇਗੀ।' ਸੰਤੀਏ, ਮੇਰਾ ਤਾਂ ਦਿਲ ਕਰਦਾ ਤੈਂਨੂੰ ਸੋਨੇ ਵਿਚ ਮੜ੍ਹਾਂ ਦੇਵਾਂ ਪਰ ਸਾਡੀ ਫਸਲ ਹੀ ਸਿਰੇ ਨੀ ਲਗਦੀ।'

'ਜੀ ਤੁਸੀਂ ਫਿਕਰ ਨਾ ਕਰੋ । ਇਸ ਵਾਰ ਸਾਰੇ ਧੋਣੇ ਧੋਤੇ ਜਾਣਗੇ'।

ਉਹ ਸੋਚ ਰਿਹਾ ਸੀ ਕਿ ਇਸ ਵਾਰ ਦੀ ਵਿਸਾਖੀ ਉਹ ਬਹੁਤ ਹੀ ਵਧੀਆ ਢੰਗ ਨਾਲ ਮਨਾਏਗਾ। ਉਸਦੀ ਫਸਲ ਪੱਕ ਗਈ ਸੀ ਤੇ ਵਾਢੀ ਸ਼ੁਰੂ ਹੋਣ ਵਾਲੀ ਸੀ । ਵਿਸਾਖੀ ਤੋਂ ਦੋ ਦਿਨ ਪਹਿਲਾਂ ਹੀ ਬਹੁਤ ਤੇਜ਼ ਮੀਂਹ ਹਨੇਰੀ ਆ ਗਿਆ । ਉਸ ਦੀ ਸਾਰੀ ਫਸਲ ਤਹਿਸ ਨਹਿਸ ਹੋ ਗਈ । ਤੇ ਉਹ ਬਰਬਾਦ ਹੋਈ ਫਸਲ ਦੇਖ ਕੇ ਰੋਣ ਲੱਗ ਪਿਆ। ਉਹ ਰੱਬ ਨੂੰ ਕਹਿਣ ਲੱਗਾ ਕਿ, "ਹੇ ਰੱਬਾ ,ਇਹ ਦਿਨ ਦਿਖਾਉਣ ਤੋਂ ਪਹਿਲਾਂ ਮੈਂਨੂੰ ਮਾਰ ਹੀ ਦਿੰਦਾ। ਕਿਉਂ ਸਾਨੂੰ ਤੜਫਾਈ ਜਾਂਦੈ।" ਉਹ ਉਸ ਵੇਲੇ ਬਹੁਤ ਹੀ ਰੋਇਆ।

ਉਸ ਨੇ ਆਪਣੀ ਦੁੱਖਾਂ ਭਰੀ ਜ਼ਿੰਦਗੀ ਦਾ ਅੰਤ ਕਰਨਾ ਚਾਹਿਆ। ਆਪਣੇ ਆਪ ਨੂੰ ਜਾਨੋਂ ਮਾਰਨ ਲਈ ਸਲਫਾਸ ਪੀਣ ਦੀ ਸੋਚੀ। ਉਹ ਸਲਫਾਸ ਦਾ ਘੁੱਟ ਭੱਰਨ ਹੀ ਲੱਗਾ ਸੀ ਕਿ ਇੰਨੇ ਨੂੰ ਉਸਦਾ ਛੋਟਾ ਪੁੱਤਰ ਉਸ ਕੋਲ ਆ ਗਿਆ।

'ਪਾਪਾ ਤੁਸੀਂ ਕੀ ਪੀਂਦੇ ਹੋ ?' ਉਸਦੇ ਮਾਸੂਮ ਚਿਹਰੇ ਨੇ ਉਸਦੇ ਹੱਥੋਂ ਸਲਫਾਸ ਨੂੰ ਸੁਟਵਾ ਦਿੱਤਾ ਅਤੇ ਉਹ ਉਸਨੂੰ ਲਾਡ ਕਰਨ ਲੱਗ ਪਿਆ। ਉਸਨੇ ਕਿਹਾ ਕਿ ਇਹ ਬੱਚੇ ਮੇਰੀ ਧੰਨ ਦੌਲਤ ਹਨ। ਇਹਨਾਂ ਖਾਤਰ ਮੈਂ ਜਿਉਣਾ ਹੈ। ਉਸ ਨੇ ਆਪਣੇ ਅੰਦਰ ਹਿੰਮਤ ਤੇ ਜੋਸ਼ ਭੱਰ ਲਿਆ। ਉਸ ਨੇ ਫਿਰ ਕਰਜ਼ਾ ਚੁਕਿਆ ਤੇ ਅਗਲੀ ਫਸਲ ਬੀਜਣ ਦੀ ਤਿਆਰੀ ਕੀਤੀ। ਉਸ ਨੇ ਮੱਕੀ ਬੀਜੀ ਜਿਸਦੀ ਭਰਪੂਰ ਫਸਲ ਹੋਈ। ਉਸਨੇ ਆਪਣੀ ਫਸਲ ਮੰਡੀ ਵਿਚ ਵੇਚੀ ਅਤੇ ਆਪਣਾ ਸਾਰਾ ਕਰਜ਼ਾ ਲਾਹ ਦਿੱਤਾ।

ਸਿੱਖਿਆ–ਸਾਨੂੰ ਕਦੇ ਵੀ ਹਿੰਮਤ ਨਹੀਂ ਹਾਰਨੀ ਚਾਹੀਦੀ।

ਮਹਾਨ ਤੱਪਸਵੀ

✍ ਸੁਰਿੰਦਰ ਕੌਰ ਰੋਮੀ ਫਿਲੌਰ
ਮੋ: 89689-60986

ਬਹੁਤ ਸਮਾਂ ਪਹਿਲਾਂ ਦੀ ਗੱਲ ਹੈ ਕਿ ਇਕ ਮਹਾਤਮਾ ਹਿਮਾਚਲ ਦੇ ਪਹਾੜਾ ਉੱਤੇ ਈਸ਼ਵਰ ਦੀ ਭਗਤੀ ਵਿਚ ਲੀਨ ਹੋ ਕੇ ਕਈ ਦਿਨਾਂ ਤੋਂ ਸਮਾਧੀ ਲਗਾਈ ਬੈਠਾ ਸੀ। ਉਸ ਮਹਾਤਮਾ ਦੇ ਵਾਲ ਜਟਾਧਾਰੀ ਸਨ। ਉਹ ਸਮਾਧੀ ਵਿਚ ਇੰਨਾ ਲੀਨ ਸੀ ਕਿ ਉਸ ਨੂੰ ਕੋਈ ਸੁਧ-ਬੁਧ ਨਹੀਂ ਸੀ। ਕਈ ਤਰ੍ਹਾਂ ਦੇ ਪੰਛੀ ਉਸ ਉੱਪਰ ਬੈਠ ਜਾਂਦੇ ਅਤੇ ਉੱਡ ਵੀ ਜਾਂਦੇ ਪਰ ਉਸਨੂੰ ਕੋਈ ਖਬਰ ਨਹੀਂ ਸੀ। ਕੁਝ ਦਿਨ ਬਾਅਦ ਇਕ ਪੰਛੀ ਨੇ ਉਸ ਦੀ ਜਟਾ ਵਿਚ ਆਪਣਾ ਇਕ ਆਲ੍ਹਣਾ ਬਣਾ ਲਿਆ ਅਤੇ ਉਸ ਵਿੱਚ ਆਂਡੇ ਵੀ ਦੇ ਦਿੱਤੇ। ਕੁਝ ਦਿਨਾਂ ਬਾਅਦ ਉਹਨਾਂ ਆਂਡਿਆਂ ਵਿਚ ਬੱਚੇ ਵੀ ਨਿਕਲ ਆਏ। ਪੰਛੀ ਦੇ ਬੱਚੇ ਮਹਾਤਮਾ ਦੇ ਸਿਰ ਉੱਪਰ ਇੱਧਰ-ਉੱਧਰ ਖੇਡਣ ਲੱਗ ਪਏ। ਫਿਰ ਇੱਕ ਦਿਨ ਮਹਾਤਮਾ ਦੀ ਸਮਾਧੀ ਖੁੱਲ੍ਹ ਗਈ। ਹੁਣ ਉਸਨੂੰ ਪਤਾ ਲੱਗਾ ਉਸਦੇ ਵਾਲਾਂ ਵਿਚ ਇਕ ਪੰਛੀ ਨੇ ਆਲ੍ਹਣਾ ਬਣਾਇਆ ਹੋਇਆ ਹੈ। ਉਸਦੇ ਬੱਚੇ ਵੀ ਉਸ ਹੀ ਆਲ੍ਹਣੇ ਵਿੱਚ ਰਹਿੰਦੇ ਹਨ। ਇਹ ਸਭ ਦੇਖ ਕੇ ਉਸ ਮਹਾਤਮਾ ਨੂੰ ਬਹੁਤ ਹੰਕਾਰ ਹੋ ਗਿਆ ਕਿ ਮੈਂ ਬਹੁਤ ਵੱਡਾ ਤੱਪਸਵੀ ਹਾਂ ਤੇ ਇਤਨੇ ਚਿਰ ਤੋਂ ਪੰਛੀ ਅਤੇ ਉਸਦੇ ਬੱਚਿਆਂ ਦੀ ਮੈਂ ਸੰਭਾਲ ਕਰ ਰਿਹਾ ਹਾਂ । ਹੁਣ ਪੰਛੀ ਦੇ ਬੱਚੇ ਵੀ ਵੱਡੇ ਹੋ ਗਏ ਸਨ। ਉਹਨਾਂ ਨੇ ਉੱਡ ਕੇ ਇਕ ਦਰੱਖਤ ਉੱਪਰ ਆਲ੍ਹਣਾ ਬਣਾ ਲਿਆ ਸੀ। ਮਹਾਤਮਾ ਇਸ ਗੱਲ ਦਾ ਆਪਣੇ ਮਨ ਵਿੱਚ ਹੰਕਾਰ ਕਰਨ ਲੱਗ ਪਿਆ। ਇੱਕ ਦਿਨ ਉਸਨੂੰ ਆਕਾਸ਼ਬਾਣੀ ਹੋਈ, ਕਿ ਐ ਮਹਾਤਮਾ ! ਤੇਰੀ ਤੱਪਸਿਆ ਤੋਂ ਸਾਰੇ ਦੇਵਤੇ ਬਹੁਤ ਖੁਸ਼ ਹੋਏ ਸਨ। ਪਰ ਤੈਨੂੰ ਹੰਕਾਰ ਹੋ ਗਿਆ ਕਿ ਤੂੰ ਬਹੁਤ ਵੱਡਾ ਤਪੱਸਵੀ ਹੈ। ਇਸ ਦੁਨੀਆਂ ਤੇ ਤੇਰੇ ਤੋਂ ਵੀ ਵੱਡੇ ਤਪੱਸਵੀ ਹਨ। ਇਸ ਲਈ ਤੂੰ ਹੰਕਾਰ ਛੱਡ ਕੇ ਈਸ਼ਵਰ ਦੀ ਭਗਤੀ ਵਿਚ ਲੀਨ ਹੋ ਕੇ ਦੀਨ-ਦੁੱਖੀਆਂ ਦੀ ਮਦਦ ਕਰ। ਉਸ ਮਹਾਤਮਾ ਨੇ ਜਵਾਬ ਦਿੱਤਾ ਕਿ ਨਹੀਂ ਇਹ ਨਹੀਂ ਹੋ ਸਕਦਾ ਕਿ ਮੇਰੇ ਤੋਂ ਵੱਡਾ ਇਸ ਦੁਨੀਆਂ ਵਿੱਚ ਕੋਈ ਹੋਰ ਤਪੱਸਵੀ ਵੀ ਹੋ ਸਕਦਾ ਹੈ। ਉਸ ਨੂੰ ਫਿਰ ਆਕਾਸ਼ਬਾਣੀ ਹੋਈ ਕਿ ਅਗਰ ਤੂੰ ਨਹੀਂ ਮੰਨਦਾ ਤਾਂ ਜਾਹ ਜਾ ਕੇ ਦੇਖ ਲੈ ਕਿ ਕੁਰੂਕਸ਼ੇਤਰ ਸ਼ਹਿਰ ਵਿੱਚ ਗੋਪਾਲਦਾਸ ਨਾਮ ਦਾ ਇੱਕ ਬਹੁਤ ਵੱਡਾ ਵਿਅਕਤੀ ਰਹਿੰਦਾ ਹੈ, ਜੋ ਤੇਰੇ ਤੋਂ ਵੀ ਬਹੁਤ ਵੱਡਾ ਤਪੱਸਵੀ ਹੈ। ਉਹ ਮਹਾਤਮਾ ਹੁਣ ਕੁਰੂਕਸ਼ੇਤਰ ਸ਼ਹਿਰ ਗਿਆ ਤੇ ਗੋਪਾਲਦਾਸ ਦਾ ਪਤਾ ਲਗਾ ਕੇ ਉਸ ਦੇ ਘਰ ਪਹੁੰਚ ਗਿਆ। ਉਸਨੇ ਦੇਖਿਆ ਕਿ ਗੋਪਾਲਦਾਸ ਕੋਈ ਤੱਪਸਵੀ ਨਹੀਂ ਬਲਕਿ ਇਕ ਸਾਧਾਰਨ ਗ੍ਰਹਿਸਤੀ ਹੈ। ਅਸਲ ਵਿਚ ਗੋਪਾਲਦਾਸ ਇਕ ਨੇਕ, ਈਮਾਨਦਾਰ ਵਿਅਕਤੀ ਸੀ ਤੇ ਉਹ ਕਰਿਆਨੇ ਦੀ ਦੁਕਾਨ ਕਰਦਾ ਸੀ। ਕਿਸੇ ਤੋਂ ਵੱਧ ਮੁਨਾਫਾ ਨਹੀਂ ਲੈਂਦਾ ਸੀ । ਸਮੇਂ ਮੁਤਾਬਿਕ ਮੁਸੀਬਤ ਵਿੱਚ ਕਿਸੇ ਲੋੜਵੰਦ ਦੀ ਮਦਦ ਕਰਦਾ ਸੀ। ਆਪਣੀ ਨੇਕ ਕਮਾਈ ਨਾਲ ਆਪਣੇ ਪਰਿਵਾਰ ਦਾ ਗੁਜ਼ਾਰਾ ਕਰਦਾ ਸੀ ਤੇ ਹਮੇਸ਼ਾ ਉਹ ਪਰਮਾਤਮਾ ਦਾ ਸ਼ੁਕਰਗੁਜ਼ਾਰ ਰਹਿੰਦਾ ਸੀ। ਮਹਾਤਮਾ ਨੇ ਗੋਪਾਲ ਦਾਸ ਨੂੰ ਪੁੱਛਿਆ ਕਿ ਮੈਂ ਸੁਣਿਆ ਕਿ ਤੂੰ ਬਹੁਤ ਵੱਡਾ ਤਪੱਸਵੀ ਹੈਂ । ਉੱਤਰ ਵਿੱਚ ਗੋਪਾਲ ਦਾਸ ਨੇ ਬੜੀ ਨਿਮਰਤਾ ਸਹਿਤ ਉਸ ਮਹਾਤਮਾ ਨੂੰ ਕਿਹਾ ਕਿ ਮੈਂ ਕੋਈ ਤਪੱਸਵੀ ਨਹੀਂ ਹਾਂ ਬਲਕਿ ਮੈਂ ਈਮਾਨਦਾਰੀ ਨਾਲ ਆਪਣਾ ਕਾਰੋਬਾਰ ਕਰਦਾ ਹਾਂ। ਸਭ ਨਾਲ ਪਿਆਰ ਨਾਲ ਪੇਸ਼ ਆਉਂਦਾ ਹਾਂ। ਕਦੇ ਵੀ ਕਿਸੇ ਗੱਲ ਦਾ ਹੰਕਾਰ ਨਹੀਂ ਕਰਦਾ। ਇਸ ਤਰ੍ਹਾਂ ਕਰਨ ਨਾਲ ਮੇਰੇ ਮਨ ਨੂੰ ਸ਼ਾਂਤੀ ਮਿਲਦੀ ਹੈ ਤੇ ਮੈਂ ਹਮੇਸ਼ਾ ਖੁਸ਼ ਰਹਿੰਦਾ ਹਾਂ। ਗੋਪਾਲ ਦਾਸ ਦੀਆਂ ਨਿਮਰਤਾ ਭਰੀਆਂ ਸੱਚੀਆਂ ਗੱਲਾਂ ਸੁਣ ਕੇ ਉਸ ਮਹਾਤਮਾ ਨੂੰ ਸੋਝੀ ਹੋ ਗਈ ਕਿ ਵਾਕਿਆ ਹੀ ਗੋਪਾਲ ਦਾਸ ਇਕ ਮਹਾਨ ਤਪੱਸਵੀ ਹੈ। ਗੋਪਾਲ ਦਾਸ ਨੇ ਉਸ ਮਹਾਤਮਾ ਦੀ ਸੇਵਾ ਕੀਤੀ ।

ਘੱਟ ਬਿਜਲੀ ਦਾ ਬੱਚਿਆਂ ਦੀਆਂ ਅੱਖਾਂ ਉੱਤੇ ਅਸਰ

ਡਾ. ਹਰਸ਼ਿੰਦਰ ਕੌਰ
ਬੱਚਿਆਂ ਦੀ ਮਾਹਿਰ, 28, ਪ੍ਰੀਤ ਨਗਰ,
ਲੇਅਰ ਮਾਲ, ਪਟਿਆਲਾ
ਮੋ: 0175-2216783

ਮਨੀਪਾਲ ਯੂਨੀਵਰਸਿਟੀ, ਕਰਨਾਟਕ ਵਿਖੇ 596 ਬੱਚਿਆਂ ਉੱਤੇ ਇਕ ਖੋਜ ਕੀਤੀ ਗਈ ਜਿਸ ਵਿਚ ਸਰਕਾਰੀ ਸਕੂਲਾਂ ਦੇ ਬੱਚੇ ਸ਼ਾਮਿਲ ਕੀਤੇ ਗਏ। ਨੌਂ ਸਕੂਲਾਂ ਵਿਚਲੇ ਛੇਵੀਂ ਤੇ ਸੱਤਵੀਂ ਜਮਾਤ ਦੇ ਉਹ ਬੱਚੇ ਜਿਨ੍ਹਾਂ ਨੂੰ ਪਹਿਲਾਂ ਹੀ ਅੱਖਾਂ ਦੀ ਕੋਈ ਤਕਲੀਫ਼ ਸੀ, ਇਸ ਖੋਜ ਵਿੱਚ ਸ਼ਾਮਲ ਨਹੀਂ ਕੀਤੇ ਗਏ । ਜਿਹੜੇ ਬੱਚੇ ਘੱਟੋ-ਘੱਟ ਤਿੰਨ ਸਾਲਾਂ ਤੋਂ ਉਸੇ ਸਕੂਲ ਵਿੱਚ ਪੜ੍ਹ ਰਹੇ ਸਨ, ਉਨ੍ਹਾਂ ਹੀ ਖੋਜ ਵਿਚ ਸ਼ਾਮਲ ਕੀਤਾ ਗਿਆ ਤਾਂ ਜੋ ਲੰਮੇ ਸਮੇਂ ਤੱਕ ਘੱਟ ਰੋਸ਼ਨੀ ਦਾ ਨਾਮਰਲ ਅੱਖਾਂ ਉੱਤੇ ਅਸਰ ਲੱਭਿਆ ਜਾ ਸਕੇ ।

ਇਨ੍ਹਾਂ ਸਾਰੇ ਬੱਚਿਆਂ ਦੀ ਨਜ਼ਰ ਚੈੱਕ ਕੀਤੀ ਗਈ। ਪੰਜ ਸੌ ਛਿਆਨਵੇਂ ਬੱਚਿਆਂ ਵਿੱਚੋਂ 319 ਮੁੰਡੇ ਸਨ। ਇਨ੍ਹਾਂ ਬੱਚਿਆਂ ਵਿੱਚੋਂ 92.1% ਦੇ ਘਰਾਂ ਵਿਚ ਬਿਜਲੀ ਸੀ, 78.4 ਫੀਸਦੀ ਦੇ ਘਰਾਂ ਵਿੱਚ ਟਿਊਬ ਲਾਈਟਾਂ ਲੱਗੀਆਂ ਹੋਈਆਂ ਸਨ ਤੇ 84.6 ਫੀਸਦੀ ਦੇ ਘਰਾਂ ਵਿੱਚ ਟੈਲੀਵਿਜ਼ਨ ਸੀ। ਇਨ੍ਹਾਂ ਬੱਚਿਆਂ ਦੀਆਂ ਅੱਖਾਂ ਦਾ ਟੈਸਟ ਕਰਨ ਤੋਂ ਬਾਅਦ ਪਤਾ ਲੱਗਾ ਕਿ 26 ਪ੍ਰਤੀਸ਼ਤ ਬੱਚਿਆਂ ਦੀ ਨਜ਼ਰ 6/9 ਤੋਂ ਘੱਟ ਸੀ। ਜਦੋਂ ਕਲਾਸਰੂਮਾਂ ਵਿਚਲੀ ਲਾਈਟ ਅਤੇ ਬਲੈਕ ਬੋਰਡਾਂ ਉੱਤੇ ਪੈਂਦੀ ਰੌਸ਼ਨੀ ਚੈੱਕ ਕੀਤੀ ਗਈ ਤਾਂ 88.4 ਫੀਸਦੀ ਬਲੈਕ ਬੋਰਡਾਂ ਅਤੇ 55.1 ਫੀਸਦੀ ਕਲਾਸਰੂਮਾਂ ਵਿੱਚ 300 ਲਕਸ ਤੋਂ ਘੱਟ ਬਿਜਲੀ ਸੀ। (300 ਲਕਸ ਵਾਲੇ ਬਿਜਲੀ ਦੇ ਬਲਬਾਂ ਨੂੰ ਵਧੀਆ ਰੌਸ਼ਨੀ ਮੰਨਿਆ ਜਾਂਦਾ ਹੈ ।)

ਇਹ ਵੇਖਣ ਵਿੱਚ ਆਇਆ ਕਿ ਜਿਨ੍ਹਾਂ ਕਲਾਸਰੂਮਾਂ ਵਿਚ ਬਿਜਲੀ ਘੱਟ ਸੀ, ਉਨ੍ਹਾਂ ਵਿੱਚ ਪੜ੍ਹ ਰਹੇ ਬੱਚਿਆਂ ਦੀਆਂ ਅੱਖਾਂ ਵਧ ਖ਼ਰਾਬ ਨਿਕਲੀਆਂ। ਜਿੱਥੇ ਬਲੈਕ ਬੋਰਡ ਉੱਤੇ ਜਾਂ ਉਸ ਦੇ ਨੇੜੇ ਘੱਟ ਲਾਈਟ ਸੀ, ਉਨ੍ਹਾਂ ਕਲਾਸਰੂਮਾਂ ਦੇ ਬੱਚਿਆਂ ਦੀ ਨਜ਼ਰ ਫੇਰ ਵੀ ਕੁੱਝ ਹਦ ਤੱਕ ਠੀਕ ਸੀ ।

ਇਸੇ ਤਰ੍ਹਾਂ ਦੀਆਂ ਕਈ ਖੋਜਾਂ ਅੰਤਰਰਾਸ਼ਟਰੀ ਅਤੇ ਰਾਸ਼ਟਰੀ ਪੱਧਰ ਉੱਤੇ ਹੋ ਚੁੱਕੀਆਂ ਹਨ ਜੋ ਇਹੀ ਦਰਸਾਉਂਦੀਆਂ ਹਨ ਕਿ ਪ੍ਰਾਇਮਰੀ ਸਕੂਲਾਂ ਵਿਚਲੇ ਕਲਾਸਰੂਮਾਂ ਦੀਆਂ ਘੱਟ ਲਾਈਟਾਂ ਲਗਭਗ 26 ਤੋਂ 32 ਫੀਸਦੀ ਬੱਚਿਆਂ ਦੀਆਂ ਅੱਖਾਂ ਉੱਤੇ ਅਸਰ ਪਾ ਦਿੰਦੀਆਂ ਹਨ ਜੋ ਉਮਰ ਭਰ ਲਈ ਘੱਟ ਨਜ਼ਰ ਨਾਲ ਜੂਝਦੇ ਰਹਿੰਦੇ ਹਨ।

ਨਜ਼ਰ ਘੱਟ ਜਾਣ ਵਾਲੇ 26 ਫੀਸਦੀ ਬੱਚਿਆਂ ਤੋਂ ਇਲਾਵਾ ਬਾਕੀ 74 ਫੀਸਦੀ ਬੱਚਿਆਂ ਵਿੱਚ ਮਨੀਪਾਲ ਯੂਨੀਵਰਸਿਟੀ ਦੀ ਇੱਕ ਖੋਜ ਅਨੁਸਾਰ ਹੋਰ ਵੀ ਕਈ ਲੱਛਣ ਲੱਭੇ । ਉਹ ਸਨ :-

ਕਲਾਸ ਰੂਮ ਵਿੱਚ ਪੂਰਾ ਸਾਫ ਨਾ ਦਿਸਣਾ - 11.4 ਫੀਸਦੀ, ਦੋ-ਦੋ ਦਿਸਣੇ - 1.3 ਫੀਸਦੀ, ਧੁੰਦਲਾ ਦਿਸਣਾ - 11.9 ਫੀਸਦੀ, ਅੱਖਾਂ ਵਿੱਚੋਂ ਪਾਣੀ ਵਗਦੇ ਰਹਿਣਾ - 25.7 ਫੀਸਦੀ, ਅੱਖਾਂ ਦੁਆਲੇ ਪੀੜ ਹੁੰਦੀ ਰਹਿਣੀ - 15.6 ਫੀਸਦੀ, ਅੱਖਾਂ ਲਾਲ ਰਹਿਣੀਆਂ - 3.4 ਫੀਸਦੀ, ਅੱਖਾਂ ਅੰਦਰ ਪੀੜ ਕਾਰਨ ਡਾਕਟਰ ਕੋਲੋਂ ਦਵਾਈ ਲੈਂਦੇ ਰਹਿਣਾ - 3 ਫੀਸਦੀ, ਸਿਰ ਪੀੜ - 38.6 ਫੀਸਦੀ, ਥੱਕੀਆਂ ਅੱਖਾਂ ਅਤੇ ਥੱਕਿਆ ਸਰੀਰ ਮਹਿਸੂਸ ਹੋਣਾ - 0.5 ਫੀਸਦੀ, ਨੀਂਦਰ ਪੂਰੀ ਨਾ ਆਉਣੀ ਤੇ ਅੱਖਾਂ ਚੜ੍ਹੀਆਂ ਮਹਿਸੂਸ ਹੋਣੀਆਂ - 5.5 ਫੀਸਦੀ

ਇਹ ਖੋਜ ਇਸ ਲਈ ਮਹੱਤਵਪੂਰਨ ਹੈ ਕਿਉਂਕਿ ਇਸ ਨੇ ਜਾਹਿਰ ਕਰ ਛੱਡਿਆ ਹੈ ਕਿ ਸਕੂਲਾਂ ਦੇ ਕਲਾਸਰੂਮਾਂ ਵਿਚਲੀ ਘੱਟ ਲਾਈਟ ਅਤੇ ਬਲਬਾਂ ਦੀ ਘੱਟ ਰੌਸ਼ਨੀ ਸਾਡੇ ਬੱਚਿਆਂ ਦੀਆਂ ਅੱਖਾਂ ਦੀ ਰੌਸ਼ਨੀ ਅਤੇ ਸਿਹਤ ਉੱਤੇ ਲਗਾਤਾਰ ਮਾੜਾ ਅਸਰ ਪਾ ਰਹੀ ਹੈ। ਜੇ ਸਕੂਲਾਂ ਵਿਚ ਸਾਰੇ ਬਲਬ 300 ਲਕਸ ਦੀ ਰੌਸ਼ਨੀ ਵਾਲੇ ਲਾ ਦਿੱਤੇ ਜਾਣ ਤਾਂ ਸਾਰੇ ਬੱਚੇ ਵਧੀਆ ਨਜ਼ਰ ਨਾਲ ਬਿਨਾਂ ਐਨਕਾਂ ਲਾਏ ਜਵਾਨ ਹੋ ਸਕਦੇ ਹਨ।

ਜ਼ਿੰਦਗੀ

✍ ਨਵਨੀਤ
ਮੋ: 95014-55994

ਜ਼ਿੰਦਗੀ ਬੜੀ ਔਖੀ ਮਿਲਦੀ ਹੈ। ਆਪਾਂ ਨੂੰ ਜ਼ਿੰਦਗੀ ਚੰਗੇ ਕੰਮ ਕਰਕੇ ਗੁਜ਼ਾਰਨੀ ਚਾਹੀਦੀ ਹੈ, ਆਪਾਂ ਰੋਜ਼ ਹੀ ਅਖ਼ਬਾਰਾਂ ਅਤੇ ਟੀ.ਵੀ. ਵਿੱਚ ਖਬਰਾਂ ਪੜ੍ਹਦੇ/ਸੁਣਦੇ ਹਾਂ ਕਿ ਉਸ ਨੇ ਕਰਜ਼ੇ ਤੋਂ ਤੰਗ ਆ ਕੇ ਖੁਦਕਸ਼ੀ ਕਰ ਲਈ। ਕੀ ਖੁਦਕੁਸ਼ੀ ਕਰਨ ਨਾਲ ਮੁਸੀਬਤ ਟਲ ਜਾਂਦੀ ਹੈ ? ਨਹੀਂ ਸਗੋਂ ਇਸ ਨਾਲ ਸਬੰਧਤ ਪਰਿਵਾਰਾਂ ਦੀ ਜ਼ਿੰਦਗੀ ਵਿੱਚ ਮੁਸ਼ਕਿਲਾਂ ਪਹਿਲਾਂ ਨਾਲੋਂ ਹੋਰ ਵੀ ਜ਼ਿਆਦਾ ਵੱਧ ਜਾਂਦੀ ਹੈ। ਜ਼ਿੰਦਗੀ ਵਿੱਚ ਮੁਸ਼ਕਿਲਾਂ ਤਾਂ ਆਉਂਦੀਆਂ-ਜਾਂਦੀਆਂ ਰਹਿੰਦੀਆਂ ਹਨ, ਪਰ ਆਪਾਂ ਨੂੰ ਇਹਨਾਂ ਦਾ ਡਟ ਕੇ ਸਾਹਮਣਾ ਕਰਨਾ ਚਾਹੀਦਾ ਹੈ। ਸਭ ਨੇ ਸੁਣਿਆ ਹੀ ਹੋਵੇਗਾ ਕਿ ਜੇ ਆਪਾਂ ਚੰਗੇ ਕੰਮ ਕਰਾਂਗੇ ਤਾਂ ਸਵਰਗਗ ਜਾਵਾਂਗੇ। ਜੇ ਭੈੜੇ ਕੰਮ ਕਰਾਂਗੇ ਜਿਵੇਂ ਠੱਗੀ, ਬੇਈਮਾਨੀ ਜਾਂ ਹੋਰ ਬੁਰੇ ਕੰਮ ਤਾਂ ਨਰਕ ਵਿੱਚ ਜਾਵਾਂਗੇ ।

ਬੁਰੇ ਕੰਮ ਕੀ ਹਨ ? ਆਪਣੇ ਮਨ ਵਿੱਚ ਬੁਰੇ ਵਿਚਾਰ ਆਉਂਦੇ ਹਨ ਅਤੇ ਜੇ ਆਪਾਂ ਮਨ ਦੇ ਪਿੱਛੇ ਲੱਗ ਗਏ ਤਾਂ ਹੋ ਗਏ ਬੁਰੇ ਕੰਮ । ਜੇ ਆਪਾਂ ਕਿਸੇ ਪਿਆਸੇ ਨੂੰ ਪਾਣੀ ਦਾ ਗਿਲਾਸ ਫੜਾ ਦੇਈਏ ਤਾਂ ਇਹ ਚੰਗਾ ਕੰਮ ਹੈ ਪਰ ਜੇ ਪਾਣੀ ਦੀ ਘੁੱਟ ਵੀ ਕਿਸੇ ਨੂੰ ਨਾ ਦੇਈਏ ਤਾਂ ਇਹ ਬੁਰਾ ਕੰਮ ਹੈ। ਅਜਿਹਾ ਕੋਈ ਬੰਦਾ ਨਹੀਂ ਜਿਸ 'ਤੇ ਮੁਸ਼ਕਲ ਨਾ ਆਉਂਦੀ ਹੋਵੇ। ਮੁਸ਼ਕਲ ਅਮੀਰ ਜਾਂ ਗਰੀਬ ਵੇਖ ਕੇ ਨਹੀਂ ਆਉਂਦੀ। ਆਪਾਂ ਜ਼ਿੰਦਗੀ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਿਵੇਂ ਕਰੀਏ ? ਇਹ ਆਪਾਂ ਨੂੰ ਆਉਣਾ ਚਾਹੀਦਾ ਹੈ। ਜੇ ਆਪਾਂ ਮੁਸ਼ਕਲ ਦਾ ਸਾਹਮਣਾ ਡਟ ਕੇ ਕਰੀਏ ਤਾਂ ਮੁਸ਼ਕਲ ਦੂਰ ਹੋ ਜਾਂਦੀ ਹੈ। ਕਈ ਬੱਚੇ ਪੜ੍ਹਾਈ ਨੂੰ ਲੈ ਕੇ ਇੰਨੇ ਜ਼ਿਆਦਾ ਦਬਾਅ ਵਿੱਚ ਆ ਜਾਂਦੇ ਹਨ ਕਿ ਉਹ ਟੈਨਸ਼ਨ ਲੈ ਬੈਠਦੇ ਹਨ। ਆਪਾਂ ਜ਼ਿੰਦਗੀ ਵਿੱਚ ਆਏ ਹਾਂ ਤਾਂ ਜ਼ਿੰਦਗੀ ਵਿੱਚ ਆਪਣੇ ਮਾਤਾ-ਪਿਤਾ ਅਤੇ ਆਪਣਾ ਨਾਂ ਉੱਚਾ ਕਰਕੇ ਜਾਈਏ। ਸਮਾਜ ਵਿੱਚ ਡੁੱਬਣਾ ਬਹੁਤ ਹੀ ਸੌਖਾ ਹੁੰਦਾ ਹੈ, ਪਰ ਸਮਾਜ ਵਿੱਚ ਜਗ੍ਹਾ ਬਣਾਉਣੀ ਬਹੁਤ ਔਖੀ ਹੁੰਦੀ ਹੈ । ਜੇ ਸਮਾਜ ਵਿੱਚ ਚੰਗੇ ਕੰਮ ਕਰਾਂਗੇ ਤਾਂ ਹੀ ਨਾਂ ਉੱਚਾ ਹੋਵੇਗਾ ਅਤੇ ਵਾਹ-ਵਾਹ ਹੋਵੇਗੀ। ਜੇ ਸਮਾਜ ਵਿੱਚ ਬੁਰੇ ਕੰਮ ਕਰਾਂਗੇ ਤਾਂ ਆਪਣਾ ਅਤੇ ਆਪਣੇ ਪਰਿਵਾਰ ਦਾ ਨਾਮ ਬਦਨਾਮ ਹੋਵੇਗਾ। ਹੁਣ ਆਪਾਂ ਵੇਖੀਏ ਕਿ ਜ਼ਿੰਦਗੀ ਵਿੱਚ ਕਿਹੋ ਜਿਹੇ ਕੰਮ ਕਰਨੇ ਚਾਹੀਦੇ ਹਨ ? ਕਈ ਲੋਕ ਜ਼ਿੰਦਗੀ ਨੂੰ ਖੇਡ ਸਮਝਦੇ ਹਨ ਅਤੇ ਕਈ ਪਰਮਾਤਮਾ ਦਾ ਦਿੱਤਾ ਤੋਹਫ਼ਾ। ਜ਼ਿੰਦਗੀ ਵਿੱਚ ਹਾਰ-ਜਿੱਤ ਤਾਂ ਚਲਦੀ ਰਹਿੰਦੀ ਹੈ। ਆਪਾਂ ਨੂੰ ਜ਼ਿੰਦਗੀ ਦੀ ਖੇਡ ਬੜੇ ਧਿਆਨ ਨਾਲ ਖੇਡਨੀ ਚਾਹੀਦੀ ਹੈ। ਜੇ ਇਸ ਖੇਡ ਨੂੰ ਸਫ਼ਲਤਾ ਨਾਲ ਖੇਡ ਗਏ ਤਾਂ ਬੱਲੇ-ਬੱਲੇ ਨਹੀਂ ਜੇਹੋ-ਜੇਹੇ ਜੀਵਨ ਵਿੱਚ ਆਏ ਜਾ ਨਾ ਆਏ । ਸੋ ਜ਼ਿੰਦਗੀ ਨੂੰ ਭਰਪੂਰ ਖੁੱਲ੍ਹਦਿਲੀ ਨਾਲ ਜਿਉਣਾ ਚਾਹੀਦਾ ਹੈ, ਖ਼ਬਰੇ ਕਦੋਂ ਜੀਵਨ ਦਾ ਅੰਤ ਹੋ ਜਾਵੇ ?

ਰੋਨਾਲਡੋ ਬਣੇ ਪਹਿਲੇ ਅਰਬਪਤੀ ਫੁੱਟਬਾਲਰ

ਜੁਵੇਂਟਸ ਕਲੱਬ ਵਲੋਂ ਖੇਡਣ ਵਾਲੇ 35 ਸਾਲਾ ਸਟਾਰ ਫੁੱਟਬਾਲ ਖਿਡਾਰੀ ਕ੍ਰਿਸਟੀਆਨੋ ਰੋਨਾਲਡੋ ਨੇ ਖੇਡ ਦੇ ਮੈਦਾਨ ਤੋਂ ਦੂਰ ਹੁਣ ਕਮਾਈ ਦੇ ਮਾਮਲੇ ਵਿੱਚ ਵੀ ਇਤਿਹਾਸ ਰਚ ਦਿੱਤਾ ਹੈ। ਪੁਰਤਗਾਲ ਦੇ ਕਪਤਾਨ ਰੋਨਾਲਡੋ ਹੁਣ ਸਭ ਤੋਂ ਜ਼ਿਆਦਾ ਕਮਾਈ ਕਰਨ ਦੇ ਮਾਮਲੇ ਵਿਚ ਆਪਦੇ ਵਿਰੋਧੀ ਖਿਡਾਰੀ ਲਿਓਨਲ ਮੈਸੀ ਤੋਂ ਕਾਫੀ ਅੱਗੇ ਨਿਕਲ ਗਏ ਹਨ। ਹਾਲ ਹੀ ਵਿਚ ਕੋਰੋਨਾ ਵਾਇਰਸ ਕਾਰਨ ਘੱਟ ਫੀਸ ਲੈਣ ਦੇ ਬਾਵਜੂਦ ਉਹ ਦੁਨੀਆ ਦੇ ਪਹਿਲੇ ਅਰਬਪਤੀ ਫੁੱਟਬਾਲਰ ਬਣ ਗਏ ਹਨ। ਰੋਨਾਲਡੋ ਦੇ ਕਰੀਅਰ ਦੀ ਹੁਣ ਤੱਕ ਕੁੱਲ ਕਮਾਈ 100 ਮਿਲੀਅਨ ਡਾਲਰ (7 ਅਰਬ ਰੁਪਏ) ਤੋਂ ਵੱਧ ਹੋ ਗਈ ਹੈ। ਰੋਨਾਲਡੋ ਇਕ ਅਰਬ ਡਾਲਰ ਦੇ ਕਰੀਅਰ ਦੀ ਕਮਾਈ ਦਾ ਅੰਕੜਾ ਪਾਰ ਕਰਨ ਵਾਲੇ ਕੇਵਲ ਤੀਸਰੇ ਖਿਡਾਰੀ ਬਣ ਗਏ ਹਨ ਜਦੋਂ ਕਿ ਉਹ ਅਜੇ ਵੀ ਸਰਗਰਮ ਰੂਪ ਨਾਲ ਖੇਡ ਰਹੇ ਹਨ।

ਆਓ ਜਾਣੀਏ ਰੇਡੀਓ ਦੀ ਖੋਜ ਸਬੰਧੀ

ਕੇ. ਐਸ. ਅਮਰ
ਪਿੰਡ ਤੇ ਡਾਕ. ਕੋਟਲੀ ਖਾਸ,
ਮੁਕੇਰੀਆਂ । ਮੋ: 94653-69343

ਪਿਆਰੇ ਬੱਚਿਓ, ਚੁੰਬਕੀ ਤਰੰਗਾਂ ਨਾਲ ਕੰਮ ਕਰਨ ਵਾਲਾ ਸੰਚਾਰ ਯੰਤਰ ਰੇਡੀਓ ਮਨੁੱਖ ਦਾ ਸਭ ਤੋਂ ਪੁਰਾਣਾ ਸਾਥੀ ਹੈ। ਜਿਸ ਦੀ ਖੋਜ ਦਸੰਬਰ 1895 ਵਿਚ ਇਟਲੀ ਦੇ ਵਿਗਿਆਨੀ ਗੁਗਲੇਲਮੋ ਮਾਰਕੋਨੀ ਨੇ ਕੀਤੀ ਸੀ। ਇਸ ਬਦੌਲਤ ਹੀ ਇਸ ਮਹਾਨ ਵਿਗਿਆਨੀ ਨੂੰ 1909 'ਚ ਨੋਬਲ ਪੁਰਸਕਾਰ ਦੇ ਕੇ ਸਨਮਾਨਿਤ ਕੀਤਾ ਗਿਆ ਸੀ। ਇੰਗਲੈਂਡ ਵਿੱਚ ਪਹਿਲੀ ਵਾਰ ਮਾਰਕੋਨੀ ਦੇ ਬਣਾਏ ਯੰਤਰਾਂ ਨਾਲ ਹੀ 14 ਫਰਵਰੀ, 1922 ਨੂੰ ਰੇਡੀਓ ਪ੍ਰਸਾਰਨ ਸੇਵਾ ਆਰੰਭ ਕੀਤੀ ਗਈ ਸੀ। ਇਟਲੀ ਦਾ ਇਹ ਪ੍ਰਸਿੱਧ ਵਿਗਿਆਨੀ ਲਗਪਗ 63 ਸਾਲ ਤੱਕ ਜਿਊਂਦਾ ਰਿਹਾ ਸੀ। 20 ਜੁਲਾਈ, 1937 ਨੂੰ ਦਿਲ ਦਾ ਦੌਰਾ ਪੈਣ ਕਾਰਨ ਇਸ ਦੀ ਮੌਤ ਹੋ ਗਈ। ਸਾਡੇ ਦੇਸ਼ ਭਾਰਤ ਵਿੱਚ ਰੇਡੀਓ ਦਾ ਇਤਿਹਾਸ 95 ਸਾਲ ਪੁਰਾਣਾ ਹੈ। 8 ਅਗਸਤ, 1921 ਈ: ਨੂੰ ਸੰਗੀਤ ਦੇ ਵਿਸ਼ੇਸ਼ ਪ੍ਰੋਗਰਾਮ ਦੀ ਸ਼ੁਰੂਆਤ ਹੋਈ ਜੋ ਰੇਡੀਓ ਦੇ ਸਫ਼ਰ ਦੀ ਮੁੰਬਈ ਤੋਂ ਪੂਨੇ ਤੱਕ ਦੀ ਯਾਤਰਾ ਸੀ। 13 ਨਵੰਬਰ, 1923 ਨੂੰ ਰੇਡੀਓ ਕਲੱਬ ਬੰਗਾਲ, 8 ਜੂਨ 1923 ਨੂੰ ਮੁੰਬਈ ਪ੍ਰਾਈਵੇਟ ਸਰਵਿਸ ਕਲੱਬ ਅਤੇ 31 ਜੁਲਾਈ, 1924 ਨੂੰ ਮਦਰਾਸ ਪ੍ਰੈਜੀਡੈਂਸੀ ਰੇਡੀਓ ਕਲੱਬ ਹੋਂਦ ਵਿੱਚ ਆਏ। 23 ਜੁਲਾਈ, 1927 ਨੂੰ ਇੰਡੀਅਨ ਬ੍ਰਾਡਕਾਸਟਿੰਗ ਕੰਪਨੀ ਦਾ ਨਿੱਜੀ ਪ੍ਰਸਾਰਨ ਸ਼ੁਰੂ ਕੀਤਾ ਗਿਆ। ਇਹ ਮੀਡੀਅਮ ਵੇਵ ਟਰਾਂਸਮੀਟਰ ਡੇਢ ਕਿਲੋਵਾਟ ਦਾ ਸੀ ਜੋ 48 ਕਿਲੋਮੀਟਰ ਦੀ ਦੂਰੀ ਤੱਕ ਸੁਣਾਈ ਦਿੰਦਾ ਸੀ। ਇਸੇ ਤਰ੍ਹਾਂ ਹੀ 1930 ਵਿੱਚ ਇੰਡੀਅਨ ਸਟੇਟ ਬ੍ਰਾਡਕਾਸਟਿੰਗ ਕਾਰਪੋਰੇਸ਼ਨ ਸਰਵਿਸ ਸ਼ੁਰੂ ਕੀਤੀ ਗਈ। 1935 ਵਿੱਚ ਮਾਰਕੋਨੀ ਕੰਪਨੀ ਦੀ ਮਦਦ ਨਾਲ 250 ਕਿਲੋਵਾਟ ਦਾ ਟਰਾਂਸਮੀਟਰ ਪੇਸ਼ਾਵਰ ਵਿੱਚ ਲਗਾਇਆ ਗਿਆ, ਜਿਸ ਵਿੱਚ 14 ਪਿੰਡਾਂ ਨੂੰ ਗ੍ਰਾਮੀਣ ਪ੍ਰਸਾਰਨ ਲਈ ਚੁਣਿਆ ਗਿਆ। ਇਸ ਤਰਜ਼ 'ਤੇ ਹੀ ਮੈਸੂਰ ਵਿੱਚ 250 ਕਿਲੋਵਾਟ ਦਾ ਕੇਂਦਰ ਸਥਾਪਿਤ ਕੀਤਾ ਗਿਆ, ਜਿਸ ਨੂੰ ਆਕਾਸ਼ਵਾਣੀ ਦਾ ਨਾਂਅ ਦਿੱਤਾ ਗਿਆ। 8 ਜੂਨ, 1936 ਨੂੰ ਇਸ ਕੇਂਦਰ ਨੂੰ ਹੀ ਇੰਡੀਅਨ ਬ੍ਰਾਡਕਾਸਟਿੰਗ ਕਾਰਪੋਰੇਸ਼ਨ ਸਰਵਿਸ ਭਾਵ



ਆਲ ਇੰਡੀਆ ਰੇਡੀਓ ਦਾ ਨਾਂਅ ਦਿੱਤਾ ਗਿਆ। 1941 ਵਿੱਚ ਪਹਿਲੀ ਵਾਰ ਸੂਚਨਾ ਪ੍ਰਸਾਰਨ ਵਿਭਾਗ ਬਣਾਇਆ ਗਿਆ। 1947 ਤੱਕ ਭਾਰਤ ਵਿੱਚ ਕੇਵਲ 9 ਰੇਡੀਓ ਸਟੇਸ਼ਨ ਚੱਲ ਰਹੇ ਸਨ, ਜਿਨ੍ਹਾਂ ਵਿੱਚ ਢਾਕਾ, ਲਾਹੌਰ ਅਤੇ ਪੇਸ਼ਾਵਰ ਵੀ ਸ਼ਾਮਿਲ ਸਨ। ਅੱਜ ਰੇਡੀਓ ਭਾਰਤ ਵਿੱਚ ਵਿਸ਼ੇਸ਼ ਸਥਾਨ ਰੱਖਦਾ ਹੈ ਜਿਥੇ 23 ਤੋਂ ਵੱਧ ਭਾਸ਼ਾਵਾਂ ਵਿਚ ਅਤੇ 150 ਬੋਲੀਆਂ ਵਿੱਚ ਪ੍ਰਸਾਰਨ ਹੁੰਦਾ ਹੈ। ਅੱਜ ਬਹੁਤ ਸਾਰੇ ਰੇਡੀਓ ਸਟੇਸ਼ਨ ਡਿਜੀਟਲ ਬ੍ਰਾਡਕਾਸਟਿੰਗ ਪ੍ਰਣਾਲੀ ਦੁਆਰਾ ਚਲਾਏ ਜਾਂਦੇ ਹਨ। ਸਾਡੇ ਦੇਸ਼ ਵਿੱਚ ਰੇਡੀਓ ਦਾ ਪਹਿਲਾ ਬੁਲੇਟਨ ਸਮਾਚਾਰ 19 ਜਨਵਰੀ, 1936 ਈ: ਨੂੰ ਮੁੰਬਈ ਤੋਂ ਪ੍ਰਸਾਰਿਤ ਕੀਤਾ ਗਿਆ ਸੀ, ਉਦੋਂ ਤੋਂ ਲੈ ਕੇ ਹੁਣ ਤੱਕ ਰੇਡੀਓ ਦੀ ਵਿਕਾਸ ਯਾਤਰਾ ਦਿਨ ਦੁੱਗਣੀ ਰਾਤ ਚੌਗਣੀ ਤਰੱਕੀ ਕਰ ਰਹੀ ਹੈ। ਅੱਜ ਰੋਜ਼ਾਨਾ ਐਫ.ਐਮ. ਪ੍ਰਸਾਰਨ ਦੇ ਅਨੇਕਾਂ ਚੈਨਲ 24 ਘੰਟੇ ਲੋਕਾਂ ਦਾ ਮਨੋਰੰਜਨ ਕਰ ਰਹੇ ਹਨ। ਅੱਜ ਆਕਾਸ਼ਵਾਣੀ ਦਾ ਸਮਾਚਾਰ ਨੈੱਟਵਰਕ ਵਿਸ਼ਵ ਪ੍ਰਸਾਰਨ ਦਾ ਹਿੱਸਾ ਬਣਿਆ ਹੋਇਆ ਹੈ। ਪ੍ਰਤੀਦਿਨ ਲਗਪਗ ਪੌਣੇ ਤਿੰਨ ਸੌ ਬੁਲੇਟਨ 36 ਘੰਟੇ ਤੋਂ ਜ਼ਿਆਦਾ ਸਮੇਂ ਲਈ ਪ੍ਰਸਾਰਤ ਕੀਤੇ ਜਾਂਦੇ ਹਨ। ਪਿਆਰੇ ਬੱਚਿਓ, ਰੇਡੀਓ ਦੀ ਇਸ ਮਹਾਨ ਉਪਲੱਬਧੀ ਕਾਰਨ ਹੀ ਯੂ.ਐਨ.ਓ. ਦੇ ਵਿਭਾਗ 'ਵਿਗਿਆਨਕ ਅਤੇ ਸੰਸਕ੍ਰਿਤ ਸੰਗਠਨ ਯੂਨੈਸਕੋ' ਵਲੋਂ 3 ਨਵੰਬਰ, 2011 ਤੋਂ ਹਰ ਸਾਲ 13 ਫਰਵਰੀ ਨੂੰ ਵਿਸ਼ਵ ਰੇਡੀਓ ਦਿਵਸ ਮਨਾਉਣ ਦਾ ਫ਼ੈਸਲਾ ਕੀਤਾ ਗਿਆ ਸੀ।

ਬਾਲ ਸਾਹਿਤ ਅਤੇ ਲੋਕ ਸਾਹਿਤ ਦੀ ਸੰਸਥਾ ਸੀ ਸੁਖਦੇਵ ਮਾਦਪੁਰੀ

✍ ਦਰਸ਼ਨ ਸਿੰਘ 'ਆਸ਼ਟ'
ਪੰਜਾਬੀ ਯੂਨੀਵਰਸਿਟੀ ਕੈਂਪਸ, ਪਟਿਆਲਾ
ਮੋ: 98144-23703

ਪੰਜਾਬੀ ਬਾਲ ਸਾਹਿਤ ਅਤੇ ਲੋਕ ਸਾਹਿਤ ਦੇ ਖੇਤਰ ਦਾ ਵੱਡਾ ਕਲਮਕਾਰ ਸੁਖਦੇਵ ਮਾਦਪੁਰੀ ਖੰਨਾ ਮੰਡੀ ਵਿਖੇ 85 ਸਾਲ ਦੀ ਆਯੂ ਭੋਗ ਕੇ 28 ਅਪ੍ਰੈਲ, 2020 ਨੂੰ ਇਸ ਨਾਸ਼ਵਾਨ ਸੰਸਾਰ ਨੂੰ ਸਦੀਵੀ ਅਲਵਿਦਾ ਆਖ ਗਿਆ। ਹਾਸੇ ਹਾਸੇ ਵਿੱਚ 'ਮੇਰੀ ਚਰਾਸੀ ਕੱਟੀ ਗਈ ਹੈ' ਕਹਿਣ ਵਾਲੇ ਮਾਦਪੁਰੀ ਦੀ ਇੱਛਾ ਅਨੁਸਾਰ ਉਸ ਦਾ ਸੰਸਕਾਰ ਖੰਨਾ ਨੇੜਲੇ ਉਸ ਦੇ ਜੱਦੀ ਪਿੰਡ ਮਾਦਪੁਰ ਵਿਖੇ ਕੀਤਾ ਗਿਆ।

ਸੁਖਦੇਵ ਮਾਦਪੁਰੀ ਦਾ ਜਨਮ 12 ਜੂਨ 1935 ਨੂੰ ਜ਼ਿਲ੍ਹਾ ਲੁਧਿਆਣਾ ਦੀ ਤਹਿਸੀਲ ਸਮਰਾਲਾ ਦੇ ਪਿੰਡ ਮਾਦਪੁਰ ਵਿਚ ਪਿਤਾ ਸ. ਦਿਆ ਸਿੰਘ ਅਤੇ ਮਾਤਾ ਸੁਰਜੀਤ ਕੌਰ ਹੋਰਾਂ ਦੇ ਘਰ ਹੋਇਆ। ਐਮ.ਏ. ਪੰਜਾਬੀ ਦੀ ਤਾਲੀਮ ਹਾਸਿਲ ਕਰਕੇ ਉਹ ਪੰਜਾਬ ਦੇ ਸਿੱਖਿਆ ਵਿਭਾਗ ਵਿੱਚ ਅਧਿਆਪਕ ਵਜੋਂ ਨਿਯੁਕਤ ਹੋਇਆ। 1978 ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਤਤਕਾਲੀ ਚੇਅਰਮੈਨ ਭਰਪੂਰ ਸਿੰਘ ਨੇ ਉਸ ਨੂੰ ਪੰਜਾਬੀ ਭਾਸ਼ਾ ਦੇ ਵਿਸ਼ਾ ਮਾਹਿਰ ਵਜੋਂ ਜੁਆਇਨ ਕਰਵਾ ਲਿਆ ਜਿੱਥੇ ਉਸ ਨੇ ਪਹਿਲਾਂ ਬਾਲ-ਰਸਾਲੇ 'ਪੰਖੜੀਆਂ' ਅਤੇ ਫਿਰ ਪ੍ਰਾਇਮਰੀ ਵਿਦਿਆਰਥੀਆਂ ਦੇ ਮਾਨਸਿਕ ਪੱਧਰ ਦਾ ਇਕ ਹੋਰ ਬਾਲ ਰਸਾਲਾ 'ਪ੍ਰਾਇਮਰੀ ਸਿੱਖਿਆ' ਵੀ ਆਰੰਭਿਆ। ਇਨ੍ਹਾਂ ਦੋਵਾਂ ਰਸਾਲਿਆਂ ਨੇ ਬਾਲ ਸਾਹਿਤ ਦੇ ਅਨੇਕ ਵਰਤਮਾਨ ਲਿਖਾਰੀਆਂ ਨੂੰ ਸਥਾਪਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਮਾਦਪੁਰੀ ਨੇ ਪੰਜਾਬੀ ਬਾਲ ਸਾਹਿਤ ਪ੍ਰਾਜੈਕਟ ਵੀ ਸਥਾਪਿਤ ਕੀਤਾ ਜਿਸ ਨੇ ਬੱਚਿਆਂ ਲਈ ਮਿਆਰੀ ਪੁਸਤਕਾਂ ਛਾਪੀਆਂ।

ਸੁਖਦੇਵ ਮਾਦਪੁਰੀ ਨੇ ਲੋਕਧਾਰਾ ਅਤੇ ਸੱਭਿਆਚਾਰ ਨਾਲ ਸੰਬੰਧਤ ਅਨੇਕ ਪੁਸਤਕਾਂ ਨਾਲ ਪੰਜਾਬੀ ਮਾਤ ਭਾਸ਼ਾ ਦਾ ਜ਼ਖੀਰਾ ਭਰਿਆ ਹੈ। ਉਸ ਨੇ ਪੰਜਾਬ ਦਾ ਇਹ ਵਿਰਾਸਤੀ ਸਰਮਾਇਆ ਉਨ੍ਹਾਂ ਸਮਿਆਂ ਵਿੱਚ ਪਿੰਡ-ਪਿੰਡ ਘੁੰਮ ਕੇ ਇਕੱਤ੍ਰਿਤ ਕੀਤਾ ਜਦੋਂ ਆਵਾਜਾਈ ਅਤੇ ਸੰਚਾਰ ਸਾਧਨ (ਰਿਕਾਰਡਿੰਗ ਦੇ ਵਿਗਿਆਨਕ ਸਾਧਨ) ਅੱਜ ਵਾਂਗ ਵਿਕਸਿਤ ਨਹੀਂ ਸਨ। ਉਸ ਦਾ ਬਹੁਤਾ ਲੋਕ-ਸਾਹਿਤ 'ਜਿਵੇਂ ਬੋਲਿਆ, ਤਿਵੇਂ ਲਿਖਿਆ' ਤੇ ਅਧਾਰਿਤ ਹੈ। ਉਸ ਦੀਆਂ ਇਸ ਖੇਤਰ ਨਾਲ ਸੰਬੰਧਤ ਪੁਸਤਕਾਂ ਵਿੱਚ 'ਗਾਉਂਦਾ ਪੰਜਾਬ', 'ਫੁੱਲਾਂ ਭਰੀ ਚੰਗੇਰ', 'ਖੰਡ ਮਿਸ਼ਰੀ ਦੀਆਂ ਡਲੀਆਂ', 'ਨੈਣੀ ਨੀਂਦ ਨਾ ਆਵੇ', 'ਕਿੱਕਲੀ ਕਲੀਰ ਦੀ' (ਲੋਕ ਗੀਤ), 'ਜ਼ਰੀ ਦਾ ਟੋਟਾ', 'ਨੈਣਾਂ ਦੇ ਵਣਜਾਰੇ', 'ਭਾਰਤੀ ਲੋਕ ਕਹਾਣੀਆਂ', 'ਬਾਤਾਂ ਦੇਸ ਪੰਜਾਬ ਦੀਆਂ' ਅਤੇ 'ਦੇਸ ਪ੍ਰਦੇਸ ਦੀਆਂ ਲੋਕ ਕਹਾਣੀਆਂ' (ਲੋਕ ਕਹਾਣੀਆਂ), 'ਲੋਕ ਬੁਝਾਰਤਾਂ', 'ਪੰਜਾਬੀ ਬੁਝਾਰਤਾਂ', 'ਪੰਜਾਬੀ ਬੁਝਾਰਤ ਕੋਸ਼' (ਲੋਕ ਬੁਝਾਰਤਾਂ), 'ਪੰਜਾਬ ਦੀਆਂ ਲੋਕ ਖੇਡਾਂ', 'ਪੰਜਾਬ ਦੇ ਮੇਲੇ ਅਤੇ ਤਿਓਹਾਰ', 'ਆਓ ਨੱਚੀਏ', 'ਪੰਜਾਬ ਦੀਆਂ ਵਿਰਾਸਤੀ ਖੇਡਾਂ', 'ਪੰਜਾਬੀ ਸੱਭਿਆਚਾਰ ਦੀ ਆਰਸੀ' (ਪੰਜਾਬੀ ਸੱਭਿਆਚਾਰ), 'ਪ੍ਰਾਇਆ ਧਨ' (ਨਾਟਕ) ਅਤੇ 'ਮਹਾਨ ਸੁਤੰਤਰਤਾ ਸੰਗਰਾਮੀ ਸਤਿਗੁਰੂ ਰਾਮ ਸਿੰਘ' (ਜੀਵਨੀ) ਅਤੇ ਕੁਝ ਅਨੁਵਾਦਿਤ ਪੁਸਤਕਾਂ ਸ਼ਾਮਲ ਹਨ। ਬੱਚਿਆਂ ਲਈ ਉਸ ਨੇ 'ਜਾਦੂ ਦਾ ਸ਼ੀਸ਼ਾ', 'ਕੇਸੂ ਦੇ ਫੁੱਲ', 'ਸੋਨੇ ਦਾ ਬੱਕਰਾ', 'ਬਾਲ ਕਹਾਣੀਆਂ', 'ਆਓ ਗਾਈਏ',

'ਮਹਾਂਬਲੀ ਰਣਜੀਤ ਸਿੰਘ', 'ਨੇਕੀ ਦਾ ਫ਼ਲ', 'ਵਰਖਾ ਦੀ ਉਡੀਕ', 'ਟੋਭਾ ਤੇ ਟਾਹਰ' ਅਤੇ 'ਤਿਤਲੀ ਤੇ ਸੂਰਜਮੁਖੀਆ' ਆਦਿ ਪੁਸਤਕਾਂ ਦੀ ਰਚਨਾ ਕੀਤੀ । ਉਸ ਦੇ ਬਾਲ ਲੋਕ ਸਾਹਿਤ ਵਿਚੋਂ ਪੰਜਾਬੀ ਜਨ-ਜੀਵਨ ਦੇ ਖੁੱਲ੍ਹੇ ਡੁੱਲ੍ਹੇ ਦਰਸ਼ਨ ਹੁੰਦੇ ਹਨ। ਉਸ ਦੀਆਂ ਇਕੱਤ੍ਰਿਤ ਲੋਕ ਕਹਾਣੀਆਂ ਹਰ ਜਾਤੀ ਅਤੇ ਕਬੀਲੇ ਦੀ ਰਹਿਤਲ ਬਾਰੇ ਚਾਨਣਾ ਪਾਉਂਦੀਆਂ ਹੋਈਆਂ ਮਨੁੱਖੀ ਜੀਵਨ ਦੀ ਅਗਵਾਈ ਕਰਦੀਆਂ ਹਨ। ਉਸ ਵਲੋਂ ਸੰਗ੍ਰਹਿ ਕੀਤੀਆਂ ਲੋਰੀਆਂ, ਕਿੱਕਲੀ, ਥਾਲ, ਲੋਹੜੀ, ਸਾਂਝੀ ਅਤੇ ਸਕੂਲੀ ਪਾੜ੍ਹਿਆਂ ਦੇ ਗੀਤਾਂ, ਬੁੱਝਣ ਵਾਲੀਆਂ ਬਾਤਾਂ, ਲੋਕ ਕਹਾਣੀਆਂ ਅਤੇ ਪੇਂਡੂ ਬਾਲ ਖੇਡਾਂ ਨਾਲ ਜੁੜੇ ਗੀਤਾਂ ਵਿਚੋਂ ਮੱਕੀ ਦੀ ਛੱਲੀ ਦੇ ਦੋਧੇ ਦਾਣਿਆਂ ਵਰਗਾ ਸੁਆਦ ਆਉਂਦਾ ਹੈ। ਦੁਰਲੱਭ ਕਿੱਸਿਆਂ ਦਾ ਉਸ ਕੋਲ ਭੰਡਾਰ ਸੀ ।

ਸੁਖਦੇਵ ਮਾਦਪੁਰੀ ਨੂੰ ਭਾਸ਼ਾ ਵਿਭਾਗ, ਪੰਜਾਬ ਅਤੇ ਸਾਹਿਤ ਅਕਾਦਮੀ ਦਿੱਲੀ ਦੇ ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਪੁਰਸਕਾਰਾਂ ਤੋਂ ਇਲਾਵਾ ਪੰਜਾਬੀ ਸੱਥ ਲਾਂਬੜਾ, ਪੰਜਾਬੀ ਲਿਖਾਰੀ ਸਭਾ ਰਾਮਪੁਰ, ਪ੍ਰੋਫੈਸਰ ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਲੁਧਿਆਣਾ ਆਦਿ ਸੰਸਥਾਵਾਂ ਨੇ ਸਨਮਾਨਿਤ ਕੀਤਾ। ਵੱਖ-ਵੱਖ ਯੂਨੀਵਰਸਿਟੀਆਂ ਵਿਚ ਵੀ ਉਸ ਦੇ ਯੋਗਦਾਨ ਅਤੇ ਘਾਲਣਾ ਬਾਰੇ ਪੀਐਚ.ਡੀ. ਅਤੇ ਐਮ.ਫਿਲ. ਦੀਆਂ ਉਪਾਧੀਆਂ ਲਈ ਖੋਜ ਕਾਰਜ ਮੁਕੰਮਲ ਕੀਤੇ ਗਏ। ਪੰਜਾਬ ਦੀਆਂ ਪ੍ਰਸਿੱਧ ਪ੍ਰਕਾਸ਼ਨਾਵਾਂ ਨੇ ਉਸ ਦੀਆਂ ਪੁਸਤਕਾਂ ਛਾਪੀਆਂ ਹਨ। ਉਸ ਦੇ ਯੋਗਦਾਨ ਦੇ ਮੱਦੇਨਜ਼ਰ ਉਰਦੂ ਦਾ ਇਹ ਸ਼ਿਅਰ ਉਸ ਦੀ ਸ਼ਖ਼ਸੀਅਤ 'ਤੇ ਬਖੂਬੀ ਢੁੱਕਦਾ ਹੈ :

ਪਰਿੰਦੋਂ ਕੋ ਮਿਲੇਗੀ ਮੰਜ਼ਿਲ ਏਕ ਦਿਨ,
ਯੇ ਫੈਲੇ ਹੁਏ ਉਨ ਕੋ ਪਰ ਬੋਲਤੇ ਹੈਂ ।
ਵਹੀ ਲੋਕ ਖਾਮੋਸ਼ ਰਹਤੇ ਹੈਂ ਅਕਸਰ
ਜ਼ਮਾਨੇ ਮੇਂ ਜਿਨ ਕੇ ਹੁਨਰ ਬੋਲਤੇ ਹੈਂ ।

ਪਰਮਵੀਰ ਸਿੰਘ ਤੇ ਕਮਲਜੀਤ ਕੌਰ, ਦੋ ਪੁੱਤਰਾਂ ਅਤੇ ਸ਼੍ਰੀਮਤੀ ਬਲਵੀਰ ਕੌਰ ਦਾ ਜੀਵਨ-ਸਾਥੀ ਮਾਦਪੁਰੀ ਪੰਜਾਬੀ ਮਾਂ ਬੋਲੀ ਦੇ ਸੁਨਹਿਰੀ ਪੰਨਿਆਂ ਦਾ ਸਦੀਵੀ ਸ਼ਿੰਗਾਰ ਬਣਿਆ ਰਹੇਗਾ ।

ਆਓ ਵਿਚਾਰੀਏ ਕੁਝ ਗੱਲਾਂ

✍ ਬੱਗਾ ਸਿੰਘ ਆਰਟਿਸਟ
90417-34604

- ਚੰਗੇ ਬੰਦੇ ਦੁੱਖਾਂ ਵਿੱਚੋਂ ਲੰਘ ਕੇ ਭੈੜੇ ਨਹੀਂ, ਹੋਰ ਚੰਗੇ ਹੋ ਜਾਂਦੇ ਹਾਨ। ਮੁਸ਼ਕਿਲਾਂ ਨਾਲ ਉਹ ਕੌੜੇ ਨਹੀਂ ਹੋਰ ਮਿੱਠੇ ਬਣ ਜਾਂਦੇ ਹਨ ।
- ਸੰਕਟ ਦਾ ਵੀ ਲਾਭ ਹੁੰਦਾ ਹੈ, ਸੰਕਟ ਵਿੱਚ ਅਸੀਂ ਸੋਚਦੇ ਹਾਂ, ਸੰਕਟ ਵਿੱਚ ਸਾਡਾ ਸੋਚਣਾ ਹੀ ਸੰਕਟ ਦਾ ਹੱਲ ਹੋ ਜਾਂਦਾ ਹੈ।
- ਜਿਨ੍ਹਾਂ ਨੂੰ ਸਮੱਸਿਆਵਾਂ ਮੁਸ਼ਕਿਲਾਂ ਅਤੇ ਮੁਸੀਬਤਾਂ ਦਾ ਸਾਹਮਣਾ ਨਹੀਂ ਕਰਨਾ ਪੈਂਦਾ ਉਹ ਵਿਕਾਸ ਵੀ ਨਹੀਂ ਕਰਦੇ ।
- ਇੱਜਤ ਨੇਕੀ ਦਾ ਉਪਹਾਰ ਹੈ।
- ਨਿਰਾਸ਼ਾ ਸੰਭਵ ਨੂੰ ਅਸੰਭਵ ਬਣਾ ਦਿੰਦੀ ਹੈ।
- ਦੀਨ-ਦੁਖੀ ਤੇ ਪੀੜਤ ਦੀ ਮਹਿਮਾਨ ਵਾਂਗ ਸੇਵਾ ਕਰਨੀ ਹੀ ਸਮਾਜ ਸੇਵਾ ਹੈ।
- ਇਤਿਹਾਸ ਪੜ੍ਹਨ ਨਾਲ ਮਨੁੱਖ ਬੁੱਧੀਮਾਨ ਬਣਦਾ ਹੈ।
- ਹੰਕਾਰ ਹੀ ਹਾਰ ਦਾ ਬੂਹਾ ਹੈ।
- ਦਿਆਲਤਾ ਸੋਨੇ ਦੀ ਅਜਿਹੀ ਜੰਜੀਰ ਹੈ ਜਿਸ ਨਾਲ ਸਮਾਜ ਆਪਸ ਵਿੱਚ ਬੰਨਿਆ ਹੋਇਆ ਹੈ।
- ਨਿਮਰਤਾ ਨਾਲ ਕੀਤੀ ਸੇਵਾ ਦੀ ਕੀਮਤ ਵੱਧਦੀ ਹੈ ਅਤੇ ਹੰਕਾਰ ਨਾਲ ਘੱਟਦੀ ਹੈ।
- ਸੰਸਾਰ ਵਿੱਚ ਸੱਜਣ ਮਨੁੱਖ ਹੀ ਆਜ਼ਾਦ ਹੁੰਦੇ ਹਨ, ਨੀਚ ਮਨੁੱਖ ਗੁਲਾਮ ਹੁੰਦੇ ਹਨ।
- ਸੱਚ ਦਾ ਸਭ ਤੋਂ ਵੱਡਾ ਸਵਾਗਤ ਇਹ ਹੈ ਕਿ ਅਸੀਂ ਇਸ ਦੇ ਰਾਹ ਉੱਤੇ ਚੱਲੀਏ।
- ਇੱਛਾਵਾਂ ਉੱਤੇ ਜਿੱਤ ਹਾਸਲ ਕੀਤਿਆਂ ਸੰਸਾਰ ਜਿੱਤਿਆ ਜਾ ਸਕਦਾ ਹੈ।
- ਜੇਕਰ ਮਨੁੱਖ ਪਰਉਪਕਾਰੀ ਨਹੀਂ ਹੈ ਤਾਂ ਉਸਦੇ ਤੇ ਕੰਧ ਤੇ ਉਲੀਕੇ ਚਿੱਤਰਾਂ ਵਿਚਕਾਰ ਕੀ ਫਰਕ ਹੈ।
- ਆਪਣੀ ਸ਼ਕਤੀ ਵਿੱਚ ਵਿਸ਼ਵਾਸ ਰੱਖਣਾ ਹੀ ਸ਼ਕਤੀਸ਼ਾਲੀ ਹੋਣਾ ਹੈ।
- ਉਣਤਾਈਆਂ ਕੱਢਣੀਆਂ ਸੌਖੀਆਂ ਹਨ, ਪਰ ਚੰਗਾ ਕੰਮ ਕਰਨਾ ਔਖਾ ਹੈ।

ਕੰਪਿਊਟਰ ਦੀ ਵਰਤੋਂ ਕਰਦੇ ਸਮੇਂ ਬੈਠਣ ਦਾ ਸਹੀ ਤਰੀਕਾ

✍ ਜਗਜੀਤ ਸਿੰਘ ਗਣੇਸ਼ਪੁਰ,
ਮੋ:9465576022

ਪਿਆਰੇ ਵਿਦਿਆਰਥੀਓ, ਜਿਵੇਂ ਕਿ ਤੁਸੀਂ ਸਭ ਭਲੀਭਾਂਤ ਜਾਣੂ ਹੋ ਕਿ ਮੌਜੂਦਾ ਸਮੇਂ ਕੰਪਿਊਟਰ ਸਾਡੀ ਸਾਰਿਆ ਦੀ ਜ਼ਿੰਦਗੀ ਦਾ ਇੱਕ ਅਹਿਮ ਹਿੱਸਾ ਬਣ ਗਿਆ ਹੈ।ਅੱਜ ਦੇ ਸੂਚਨਾ ਤਕਨੀਕ ਦੇ ਯੁੱਗ ਅੰਦਰ, ਭਾਵੇਂ ਕੋਈ ਵਿਦਿਆਰਥੀ ਹੋਵੇ ਜਾਂ ਨੌਕਰੀ ਪੇਸ਼ਾ ਵਿਅਕਤੀ ਉਸ ਦਾ ਇਸ ਦੀ ਵਰਤੋਂ ਬਿਨਾਂ ਗੁਜ਼ਾਰਾ ਨਹੀਂ। ਤੁਹਾਨੂੰ ਵੀ ਸਾਰਿਆ ਨੂੰ ਸਕੂਲਾਂ ਵਿੱਚ ਕੰਪਿਊਟਰ ਸਿੱਖਿਆ ਦਿੱਤੀ ਜਾ ਰਹੀ ਹੈ। ਸੋ, ਆਓ ਅੱਜ ਮੈਂ ਤੁਹਾਡੇ ਨਾਲ ਕੰਪਿਊਟਰ ਉੱਪਰ ਪੜ੍ਹਨ ਜਾਂ ਕੰਮ ਕਰਨ ਸਮੇਂ, ਸਾਡਾ ਬੈਠਣ ਦਾ ਸਹੀ ਤਰੀਕਾ ਕਿਹੋ ਜਿਹਾ ਹੋਣਾ ਚਾਹੀਦਾ ਹੈ, ਉਸ ਦੀ ਸਾਂਝ ਪਵਾਂਗਾ ਤਾਂ ਕਿ ਤੁਸੀਂ ਕੰਪਿਊਟਰ ਦੀ ਵਰਤੋਂ ਕਰਦੇ ਸਮੇਂ ਆਮ ਸ਼ਿਕਾਇਤਾਂ ਜਿਵੇਂ ਅੱਖਾਂ, ਪਿੱਠ, ਗਰਦਨ ਅਤੇ ਮੋਢਿਆਂ ਵਿੱਚ ਦਰਦ ਆਦਿ ਜਿਹੇ ਲੱਛਣਾਂ ਤੋਂ ਬਚ ਸਕੋ।

1. ਜਿਸ ਕੁਰਸੀ ਦੀ ਵਰਤੋਂ ਤੁਸੀਂ ਕੰਪਿਊਟਰ ਸਾਹਮਣੇ ਬੈਠ ਕੇ ਕੰਮ ਕਰਨ ਲਈ ਕਰਦੇ ਹੋ ਉਹ ਅਰਾਮਦਾਇਕ ਹੋਵੇ ਅਤੇ ਤੁਹਾਡੀ ਪਿੱਠ ਨੂੰ ਸਹਾਰਾ ਦਿੰਦੀ ਹੋਵੇ।
2. ਤੁਸੀ ਕੁਰਸੀ ਉਪਰ ਆਪਣੀ ਪਿੱਠ ਨਾਲ ਸਿੱਧੇ ਬੈਠੋ, ਮੋਢਿਆ ਨੂੰ ਅਰਾਮਦਾਇਕ ਹਾਲਤ ਵਿੱਚ ਰੱਖੋ, ਲੱਤਾਂ ਨੂੰ ਫ਼ਰਸ਼ ਦੇ 90 ਡਿਗਰੀ ਕੋਣ 'ਤੇ ਅਤੇ ਪੈਰ ਫਰਸ਼ ਉਪਰ ਸਮਤਲ ਰੱਖੇ ਹੋਣੇ ਚਾਹੀਦੇ ਹਨ।
3. ਕੁਰਸੀ ਦੀ ਉਚਾਈ ਇਹੋ ਜਿਹੀ ਹੋਵੇ ਕਿ ਕੰਪਿਊਟਰ ਸਕਰੀਨ ਦਾ ਉਪਰਲਾ ਹਿੱਸਾ, ਤੁਹਾਡੀ ਅੱਖਾਂ ਦੇ ਪੱਧਰ ਦੇ ਬਰਾਬਰ ਹੋਣਾ ਚਾਹੀਦਾ ਹੈ।
4. ਜਿਸ ਮੇਜ਼ ਉਪਰ ਕੰਪਿਊਟਰ ਰਖਿਆ ਗਿਆ ਹੈ ਉਹ ਤੁਹਾਡੀ ਕੁਰਸੀ ਦੀ ਉਚਾਈ ਤੋਂ ਜਿਆਦਾ ਉਚਾ ਜਾਂ ਨੀਵਾਂ ਨਾ ਹੋਵੇ ਕਿਉਕਿ ਅਜਿਹਾ ਹੋਣ ਦੀ ਸੂਰਤ ਵਿੱਚ ਤੁਹਾਨੂੰ ਵਾਰ-ਵਾਰ

ਝੁਕਣ ਅਤੇ ਉਪਰ ਉਠ ਕੇ ਕੰਮ ਕਰਨ ਨਾਲ ਪਿੱਠ ਦਰਦ ਦੀ ਸ਼ਿਕਾਇਤ ਆ ਸਕਦੀ ਹੈ।
5. ਬੱਚਿਓ, ਸਾਨੂੰ ਲਗਾਤਾਰ ਕੰਪਿਊਟਰ ਸਕਰੀਨ ਵਲ ਇੱਕ ਟਕ ਨਹੀ ਵੇਖਣਾ ਚਾਹੀਦਾ ਅਤੇ ਥੋੜੇ-ਥੋੜੇ ਸਮੇਂ ਬਾਅਦ ਅੱਖਾਂ ਝਪਕਦੇ ਦੇ ਰਹਿਣਾ ਚਾਹੀਦਾ ਹੈ। ਸਕਰੀਨ ਤੋਂ ਉਚਿੱਤ ਦੂਰੀ ਦੀ ਦੂਰੀ ਬਣਾਈ ਰੱਖੋ, ਜਿਵੇਂ ਕਿ 18 ਤੋਂ 24 ਇੰਚ ਦੀ ਦੂਰੀ ਠੀਕ ਮੰਨੀ ਜਾਂਦੀ ਹੈ।
6. ਕੀਬੋਰਡ ਨੂੰ ਸਿੱਧਾ ਸਾਹਮਣੇ ਰੱਖੋ ਅਤੇ ਕਦੇ ਵੀ ਇਸ ਉਪਰ ਝੁੱਕ ਕੇ ਕੰਮ ਨਾ ਕਰੋ। ਟਾਈਪਿੰਗ ਕਰਦੇ ਸਮੇਂ ਗੁੱਟ ਨੂੰ ਸਿੱਧੇ ਅਤੇ ਕੂਹਣੀਆਂ ਨੂੰ 90 ਡਿਗਰੀ ਦੇ ਕੋਣ 'ਤੇ ਰੱਖੋ, ਕਮਰ ਅਤੇ ਪੱਟ ਜ਼ਮੀਨ ਦੇ ਸਮਾਨ ਹੋਣੇ ਚਾਹੀਦੇ ਹਨ।
7. ਮਾਸਪੇਸ਼ਿਆ ਦੇ ਖਿਚਾਓ ਤੋਂ ਬਚਣ, ਲਹੂ ਨੂੰ ਵਗਦਾ ਰੱਖਣ, ਅਤੇ ਆਪਣੀਆਂ ਅੱਖਾਂ ਨੂੰ ਅਰਾਮ ਦੇਣ ਲਈ ਕੰਪਿਊਟਰ ਉਪਰ ਕੰਮ ਤੋਂ ਥੋੜੇ ਵਕਫੇ ਬਾਅਦ ਅਰਾਮ ਲੈ ਲੈਣਾ ਚਾਹੀਦਾ ਹੈ।

ਉਮੀਦ ਕਰਦਾ ਹਾਂ ਕਿ ਤੁਸੀ ਓਪਰੋਕਤ ਜਾਣਕਾਰੀ ਤੋਂ ਲਾਭ ਉਠਾਉਦੇ ਹੋਏ , ਕੰਪਿਊਟਰ ਦੀ ਸੁੱਚਜੀ ਵਰਤੋਂ ਕਰਕੇ, ਜਿੰਦਗੀ ਵਿੱਚ ਕਾਮਯਾਬੀ ਦੀਆ ਬੁਲੰਦੀਆ ਉਪਰ ਜ਼ਰੂਰ ਪਹੁੰਚੋਗੇ।

ਜਿਸ ਬਾਲ ਕਲਾਕਾਰ ਦੇ ਲੱਖਾਂ ਹੋਏ ਦੀਵਾਨੇ

ਕੌਣ ਹੈ ਟਿੱਕ ਟੌਕ ਦਾ ਸਰਦਾਰ ਹੀਰੋ ?

✍ ਰਵਨੀਤ ਕੌਰ
ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ
(ਜਲੰਧਰ)

ਜਿਨ੍ਹਾਂ ਲੜਕੀਆਂ ਨੂੰ ਸਮਾਜ ਦੇ ਮਾੜੇ ਅਨਸਰ ਜਨਮ ਤੋਂ ਪਹਿਲਾਂ ਹੀ ਮਾਰ ਮੁਕਾਉਂਦੇ ਹਨ, ਉਹ ਇਹ ਨਹੀਂ ਜਾਣਦੇ ਕਿ ਇਹ ਲੜਕੀਆਂ ਮਾਤਾ ਸਰਸਵਤੀ ਅਤੇ ਮਾਤਾ ਲਕਸ਼ਮੀ ਬਣਕੇ ਸਮਾਜ ਨੂੰ ਹਰ ਪੱਖੋਂ ਸਚੱਜਾ ਅਤੇ ਨਰੋਆ ਵੀ ਬਣਾਉਂਦੀਆਂ ਹਨ।ਇਸੇ ਤਰ੍ਹਾਂ ਲੌਕ ਡਾਊਨ ਦੌਰਾਨ ਟਿੱਕ ਟੌਕ ਵੀਡੀਓ ਤੇ ਮਸ਼ਹੂਰ ਹੋਇਆ ਪਟਕੇ ਵਾਲਾ ਹੀਰੋ ਬਾਲ ਕਲਾਕਾਰ ਅਸਲ ਵਿਚ ਇਕ ਲੜਕੀ ਹੈ।ਜਿਸਦੀ ਡਾਇਲਾਗ ਡਲਿਵਰੀ ਇੰਨੀ ਕਮਾਲ ਦੀ ਹੈ ਕਿ ਉਸਦੇ ਟਿੱਕ ਟੌਕ ਨੂੰ ਦਸਾਂ ਦਿਨਾਂ ਵਿਚ ਹੀ ਪੰਜ ਲੱਖ ਤੋਂ ਵੱਧ ਦੇ ਫੋਲੋਅਰ ਮਿਲ ਗਏ।ਇਕ ਪੰਜ ਸਾਲ ਦੀ ਲੜਕੀ ਦੀ ਹੈਰਾਨ ਕਰਨ ਵਾਲੀ ਕਲਾ ਬੜੀ ਕਮਾਲ ਦੀ ਹੈ।ਪਾਠਕਾਂ ਤੇ ਦਰਸ਼ਕਾਂ ਦੀ ਹੈਰਾਨੀ ਤਾਂ ਉਸ ਵੇਲੇ ਸਿਖਰ ਤੇ ਪੁੱਜ ਜਾਂਦੀ ਹੈ ਜਦੋਂ ਇਹ ਪਤਾ ਲਗਦਾ ਹੈ ਕਿ ਇਹ ਲੜਕੀ ਮੋਗੇ ਦੇ ਪਿੰਡ ਭਿੰਡਰ ਕਲਾਂ ਦੇ ਭੱਠੇ ਤੇ ਕੰਮ ਕਰਨ ਵਾਲੇ ਕਿਰਤੀ ਸਤਨਾਮ ਸਿੰਘ ਦੀ ਪੰਜ ਸਾਲਾ ਲੜਕੀ ਹੈ।ਟਿਕ ਟੌਕ ਵਿਚ ਸਾਥ ਦੇਣ ਵਾਲੇ ਬੱਚੇ ਵੀ ਇਸੇ ਪਿੰਡ ਦੇ ਹਨ।ਉਸਦੀ ਵੱਡੀ ਭੈਣ 9 ਸਾਲਾ ਜਸ਼ਨਪ੍ਰੀਤ ਵੀ ਉਸਦਾ ਸਾਥ ਨਿਭਾਉਂਦੀ ਹੈ।ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਚ ਇਹ ਦੋਨੋ ਭੈਣਾਂ ਨਰਸਰੀ ਅਤੇ ਪੰਜਵੀ ਕਲਾਸ ਦੀਆਂ ਵਿਦਿਆਰਥਣਾਂ ਹਨ।ਉਹਨਾਂ ਦੀ ਮਾਤਾ ਜਗਵੀਰ ਕੌਰ ਘਰ ਨੂੰ ਸੰਭਾਲਦੀ ਹੋਈ ਉਸਨੂੰ ਮੁੰਡੇ ਵਾਂਗ ਪਾਲ਼ਦੀ ਪਲੋਸਦੀ ਹੈ।ਬਹੁਤੀ ਵਾਰ ਸਿਰ ਤੇ ਪਟਕਾ ਬੰਨਕੇ ਰੱਖਦੀ ਹੈ।ਨੂਰ ਵੀ ਮੁੰਡਿਆਂ ਵਾਂਗ ਹੀ ਵਿਹਾਰ ਕਰਦੀ ਹੈ। ਉਸਦੇ ਇਹ ਗੁਣ ਉਸਦੇ ਘਰ ਲਾਗਲੇ ਦੁਕਾਨਦਾਰ ਨੇ ਦੇਖੇ ਤਾਂ ਉਸਨੂੰ ਇਕ ਨਿਵੇਕਲਾ ਫੁਰਨਾ ਫੁਰ ਗਿਆ।

23 ਸਾਲਾ ਦੁਕਾਨਦਾਰ ਸੰਦੀਪ ਸਿੰਘ ਤੂਰ

ਅਨੁਸਾਰ ਇਹ ਬੱਚੀ ਵੀ ਉਸਦੀ ਦੁਕਾਨ ਤੇ ਅਕਸਰ ਆਉਂਦੀ ਜਾਂਦੀ ਸੀ।ਉਸਦੀ ਕਲਾਤਮਿਕ ਸ਼ਖਸ਼ੀਅਤ ਨੇ ਉਸ ਅੰਦਰ ਨਵੇਂ ਰਾਹ ਰੌਸ਼ਨ ਕਰ ਦਿੱਤਾ। ਟਿਕ ਟੌਕ ਦਾ ਤਾਂ ਉਹ ਪਹਿਲਾਂ ਹੀ ਸ਼ੌਕੀਨ ਸੀ।ਪਰ ਉਸਨੂੰ ਇਹ ਗੱਲ ਤਾਂ ਚਿੱਤ ਚੇਤੇ ਵੀ ਨਹੀਂ ਸੀ ਕਿ ਇਹਨਾਂ ਬੱਚਿਆਂ ਦੇ ਟਿਕ ਟੌਕ ਨੂੰ ਲੌਕ ਡਾਊਨ ਦੌਰਾਨ ਘਰਾਂ ਅੰਦਰ ਬੈਠੇ ਲੱਖਾਂ ਪ੍ਰਸੰਸਕ ਮਿਲ ਜਾਣਗੇ ।'ਬਾਪੂ ਤੇਰੇ ਵਾਲਾ ਵੀ ਫ਼ੇਲ ਹੋ ਗਿਆ' ਵਾਲੀ ਟਿਕ ਟੌਕ ਵੀਡੀਓ ਵਿਚ ਪਿੰਡ ਦੇ ਰਾਜ ਮਿਸਤਰੀ ਵਰਨਦੀਪ ਸਿੰਘ ਨੇ ਨੂਰ ਦੇ ਪਿਤਾ ਦੀ ਭੂਮਿਕਾ ਨਿਭਾਈ ਹੈ।ਜਦੋਂ ਉਹ ਆਪਣਾ ਨਤੀਜਾ ਬਾਪ ਤੋਂ ਲਕਾਉਂਦਾ ਹੋਇਆ ਆਖਦਾ ਹੈ ,'ਯਾਰ ਡਾਕਟਰ ਦਾ ਮੁੰਡਾ ਫੇਲ ਹੋ ਗਿਆ ,ਸਰਪੰਚ ਦੀ ਕੁੜੀ ਵੀ ਫੇਲ ਹੋ ਗਈ।ਜਦੋਂ ਉਸਦਾ ਪਿਤਾ ਉਸਦੇ ਨਤੀਜੇ ਬਾਰੇ ਪੁਛਣ ਦੀ ਜ਼ਿਦ ਕਰਦਾ ਤੇ ਤਾਂ ਉਹ ਆਖਦਾ ,'ਤੂੰ ਕਿਹੜਾ ਡੀ.ਸੀ ਲੱਗਾ ,ਤੇਰੇ ਵਾਲਾ ਵੀ ਫੇਲ ਹੋ ਗਿਆ'।ਬਸ ਇਸ ਗੱਲ ਨਾਲ ਨੂਰ ਨੇ ਸਿਰਾ ਹੀ ਲਾ ਦਿੱਤਾ।ਇਹ ਵੀਡੀਓ ਪੂਰੀ ਦੁਨੀਆਂ ਵਿਚ ਵਾਇਰਲ ਹੋਈ ਤਾਂ ਨੂਰ ਦੇ ਨੂਰ ਨਾਲ਼ ਲੱਖਾਂ ਦਰਸ਼ਕ ਨੂਰੋ ਨੂਰ ਹੋ ਗਏ। ਇੱਥੋ ਤੱਕ ਕਿ ਪੰਜਾਬ ਦੇ ਮੁੱਖਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ ਨੇ ਵੀ ਸ਼ਾਬਾਸ਼

ਦਿੰਦੀਆਂ ਉਸ ਨਾਲ ਜਨਤਾ ਨੂੰ ਸੁਨੇਹਾ ਦਿੱਤਾ।

ਇਥੇ ਉਸਦੇ ਨਿਰਮਾਤਾ ਨਿਰਦੇਸ਼ਕ ਸੰਦੀਪ ਤੂਰ ਅਤੇ ਉਸਦੇ ਸਾਥੀ ਸੰਦੀਪ ਸਿੰਘ ਨਾਗੀ ਦੀ ਵੀ ਸਿਫਤ ਕਰਨੀ ਬਣਦੀ ਹੈ ਜਿਸਨੇ ਉਹਨਾਂ ਦੀ ਪ੍ਰਤਿਭਾ ਨੂੰ ਪੂਰੀ ਦੁਨੀਆਂ ਵਿਚ ਪ੍ਰਸਾਰਿਤ ਕਰਨ ਦਾ ਬੀੜਾ ਚੁਕਿਆ ਹੋਇਆ ਹੈ। ਇਕ ਗਰੀਬ ਪਰਿਵਾਰ ਲਈ ਇਹ ਕਿਸੇ ਚਮਤਕਾਰ ਤੋਂ ਘੱਟ ਨਹੀਂ ਹੈ। ਸੰਦੀਪ ਦਾ ਕਹਿਣਾ ਹੈ ਕਿ ਇਸ ਟਿਕ ਟੌਕ ਨੇ ਦਸ ਦਿਨਾਂ ਵਿਚ 5 ਲੱਖ ਫੈਲੋਵਰ/ਦਰਸ਼ਕ ਜੋੜ ਕੇ ਅੰਕੜਾ ਅੱਠ ਲੱਖ ਤੋਂ ਉਪਰ ਪਹੁੰਚਾ ਦਿੱਤਾ, ਜਿਸ ਬਾਰੇ ਉਸਨੇ ਕਦੀ ਸੁਪਨਾ ਵੀ ਨਹੀਂ ਸੀ ਲਿਆ। ਸੰਦੀਪ ਕੋਲ ਵੀ ਕਮਾਲ ਦੀ ਕਲਾ ਹੈ ਜਿਸਦੇ ਜ਼ਰੀਏ ਉਹ ਆਨ ਲਾਈਨ ਸੋਸ਼ਲ ਮੀਡੀਏ ਤੇ ਹਾਸੇ ਬਿਖੇਰਨ ਦਾ ਮਾਹਿਰ ਬਣ ਗਿਆ ਹੈ। ਅਜਕਲ ਨੂਰ ਨੂੰ ਕਾਮੇਡੀ ਅਤੇ ਫਿਲਮੀ ਦੁਨੀਆ ਵਾਲੇ ਵੀ ਸੰਪਰਕ ਕਰ ਰਹੇ ਹਨ। ਉਸਦੇ ਪਿਤਾ ਸਤਨਾਮ ਸਿੰਘ ਅਤੇ ਮਾਤਾ ਨੇ ਤਾਂ ਹੋਰ ਵੀ ਹੈਰਾਨ ਕਰਨ ਵਾਲੀ ਗੱਲ ਦੱਸੀ ਕਿ ਜਿਹੜੇ ਕਦੀ ਉਹਨਾਂ ਨੂੰ ਬੁਲਾਉਂਦੇ ਵੀ ਨਹੀਂ ਸਨ ਅਜਕਲ ਉਹ ਉਹਨਾਂ ਨੂੰ ਘਰ ਆਉਣ ਦੇ ਸੱਦੇ ਦੇ ਰਹੇ ਹਨ। ਕਰੋਨਾ ਦੇ ਕਾਲ ਨੇ ਉਹਨਾਂ ਦੇ ਜੀਵਨ ਨੂੰ ਪਲਟਾ ਕੇ ਰੱਖ ਦਿੱਤਾ ਹੈ। ਚੈਨਲਾਂ ਵਾਲੇ ਨੂਰ ਦੀ ਕਲਾਕਾਰ ਟੋਲੀ ਦੀਆਂ ਸਿਫਤਾਂ ਤੇ ਜੀਵਨ ਸੰਘਰਸ਼ ਨੂੰ ਪੇਸ਼ ਕਰ ਰਹੇ ਹਨ। ਪਰ ਉਹ ਅਜੇ ਇਸ ਚੱਕਰ ਤੋਂ ਬਚਕੇ ਹੀ ਚੱਲ ਰਹੇ ਹਨ। ਇਸ ਤਰ੍ਹਾਂ ਟਿਕ ਟੌਕ ਨਾਲ ਪੂਰੀ ਦੁਨੀਆਂ ਵਿਚ ਮਸ਼ਹੂਰੀ ਖੱਟਣ ਵਾਲੀ ਨੂਰ ਇਕ ਮੁੰਡਾ ਨਹੀਂ ਸਗੋਂ ਇਕ ਲੜਕੀ ਹੈ। ਦੂਜੇ ਬੰਨੇ ਸਰਕਾਰੀ ਸਕੂਲ ਦੇ ਅਧਿਆਪਕਾਂ ਲਈ ਵੀ ਇਹ ਕਿਸੇ ਉਡਣ ਪਰੀ ਤੋਂ ਘੱਟ ਨਹੀਂ। ਕੁਝ ਸਮਾਜ ਸੇਵੀ ਸੰਸਥਾਵਾਂ ਵਲੋਂ ਇਸ ਪਰਿਵਾਰ ਦੀ ਮਦਦ ਕੀਤੀ ਜਾ ਰਹੀ ਹੈ। ਕਲਾ ਦੀ ਇਸ ਖਿੜ ਰਹੀ ਕਰੂੰਬਲ ਨੂੰ ਅਜੇ ਬਹੁਤ ਸੰਭਾਲਣ ਦੀ ਲੋੜ ਹੈ। ਮਾਪਿਆਂ ਅਤੇ ਉਸਦੇ ਨਿਰਮਾਤਾ ਨਿਰਦੇਸ਼ਕ ਸੰਦੀਪ ਤੂਰ ਨੂੰ ਬੜੇ ਫੂਕ ਫੂਕ ਕੇ ਕਦਮ ਰੱਖਣ ਦੀ ਲੋੜ ਹੈ। ਬਾਲ ਕਲਾਕਾਰ ਨਵਨੂਰ ,ਜਸ਼ਨਪ੍ਰੀਤ ਅਤੇ ਇਸ ਕਲਾਕਾਰ ਟੋਲੀ/ ਪਰਿਵਾਰ ਲਈ ਢੇਰ ਸਾਰੀਆਂ ਸ਼ੁੱਭ ਦੁਆਵਾਂ।

ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਦੁਆਰਾ ਪ੍ਰਕਾਸ਼ਿਤ ਬਾਲ ਪੁਸਤਕਾਂ

1	ਮੇਰਾ ਸੁਪਨਾ (ਨਰਸਰੀ ਗੀਤ)	ਬਲਜਿੰਦਰ ਮਾਨ
2	ਆਲ੍ਹਣਿਆਂ ਦੀ ਰਾਖੀ	ਬਲਜਿੰਦਰ ਮਾਨ
3	ਵਜੀਰ ਦੀ ਲੜਕੀ	ਬਲਜਿੰਦਰ ਮਾਨ
4	ਸੋਹਣਾ ਪਿੰਡ ਬਣਾਈਏ	ਬਲਜਿੰਦਰ ਮਾਨ
5	ਤਾਇਆ ਬਲਕਾਰ ਸਿੰਘ	ਬਲਜਿੰਦਰ ਮਾਨ
6	ਨੰਨ੍ਹੂ ਦਾ ਬਗੀਚਾ	ਸੁਖਚੰਚਲ ਕੌਰ
7	ਸੁਰਮੇ ਰੰਗੀ ਬਿੱਲੀ ਅਤੇ ਵੱਛੇ ਦੀ ਦੋਸਤੀ	ਸੁਖਚੰਚਲ ਕੌਰ
8	ਗੁੱਡੀਆਂ ਪਟੋਲਿਆਂ ਦਾ ਚਾਅ	ਪਰਮਜੀਤ ਪੰਮਾ ਪੇਂਟਰ
9	ਖੰਡ ਦੇ ਖਿਡੌਣੇ	ਪਰਮਜੀਤ ਪੰਮਾ ਪੇਂਟਰ
10	ਅਸਲੀ ਸੁੰਦਰਤਾ	ਪਰਮਜੀਤ ਪੰਮਾ ਪੇਂਟਰ
11	ਨਿਆਰੀਆਂ ਗੱਲਾਂ ਪਿਆਰੀਆਂ ਗੱਲਾਂ	ਜੋਗਾ ਸਿੰਘ ਬਠੁੱਲਾ
12	ਮਹਿਕਾਂ ਵੰਡਦੇ ਬੱਚੇ	ਸੁਨੀਲਮ ਮੰਡ
13	ਸਿੰਘਾਂ ਦੀ ਫਤਿਹ ਹੀ ਫਤਿਹ	ਸੁਖਦੇਵ ਕੌਰ ਚਮਕ
14	ਬਿੱਲੀ ਦੇ ਬਲੂੰਗੜੇ	ਡਾ. ਮਨਮੋਹਨ ਸਿੰਘ ਤੀਰ
15	ਤਿਤਲੀ ਦੇ ਮਨਮੋਹਣੇ ਰੰਗ	ਕੁਲਵਿੰਦਰ ਕੌਰ ਨੰਗਲ
16	ਚਿੜੀਏ ! ਚਿੜੀਏ ! ਆ ਜਾ	ਨਵਦੀਪ ਸਿੰਘ ਬਦੇਸ਼ਾ
17	ਜਾਨਵਰਾਂ ਦੇ ਅੰਗ-ਸੰਗ	ਨਵਦੀਪ ਸਿੰਘ ਬਦੇਸ਼ਾ
18	ਮੇਰੇ ਅਰਮਾਨ	ਜਸਵੀਰ ਜੋਸ਼ੀ

ਪੁਸਤਕਾਂ ਛਪਵਾਉਣ ਲਈ ਸੰਪਰਕ ਕਰੋ :

ਜਨਰਲ ਮੈਨੇਜਰ
ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ
ਕਰੂੰਬਲਾਂ ਭਵਨ, ਮਾਹਿਲਪੁਰ
ਹੁਸ਼ਿਆਰਪੁਰ, ਪੰਜਾਬ 146105
ਮੋ : 98150-18947

ਭੁੱਲ ਦੀ ਸੋਧ

ਪਿਛਲੇ ਅੰਕ ਵਿੱਚ ਪੰਨਾ 36 'ਤੇ ਸ. ਗੁਰਬਖਸ਼ ਸਿੰਘ ਪ੍ਰੀਤਲੜੀ ਦੀ ਤਸਵੀਰ ਦੀ ਥਾਂ ਗਲਤੀ ਨਾਲ ਸ. ਗੁਰਮੁਖ ਸਿੰਘ ਮੁਸਾਫਿਰ ਦੀ ਫੋਟੋ ਛਪ ਗਈ ਸੀ। ਜਿਸਦਾ ਅਦਾਰੇ ਨੂੰ ਅਫਸੋਸ ਹੈ।

☺ ☺ ਚੁਟਕੁਲੇ ☺ ☺

ਅਧਿਆਪਕ : ਬਹੁਤ ਤੇਜ਼ ਹਵਾਵਾਂ ਨਾਲ ਬਾਰਿਸ਼ ਹੋ ਰਹੀ ਹੈ। ਇਸ ਦਾ ਭਵਿੱਖਕਾਲ ਦੱਸੋ।

ਬੱਚਾ : ਹੁਣ ਲਾਈਟ ਜਾਵੇਗੀ।

☺ ☺ ☺ ☺ ☺

ਆਦਮੀ : ਹੋਰ ਕਾਜੂ ਲਉ ਜੀ।

ਮਹਿਮਾਨ : ਨਹੀਂ ਮੈਂ ਪਹਿਲਾਂ ਹੀ 5-6 ਖਾ ਚੁੱਕਾ ਹਾਂ।

ਆਦਮੀ : ਖਾਦੇ ਤਾਂ ਤੁਸੀਂ 15-20 ਨੇ, ਪਰ ਚਲੋ ਕਿਹੜਾ ਕੋਈ ਗਿਣਦਾ ਪਿਐ।

ਡਾ. ਏ.ਪੀ.ਜੇ. ਅਬਦੁਲ ਕਲਾਮ ਦੇ ਵਿਦਿਆਰਥੀ ਜੀਵਨ ਦੀਆਂ ਯਾਦਾਂ

ਪ੍ਰਿੰਸੀਪਲ ਵਿਜੈ ਕੁਮਾਰ
ਮਾਧਵ ਨਗਰ, ਨੰਗਲ ਟਾਊਨਸ਼ਿਪ
ਮੋ: 98726-27136

ਡਾ. ਏ.ਪੀ.ਜੇ. ਅਬਦੁਲ ਕਲਾਮ ਸਚਮੁੱਚ ਹੀ ਇਕ ਅਜਿਹੀ ਅਜੀਮ ਸਖ਼ਸੀਅਤ ਸੀ ਜਿਨ੍ਹਾਂ ਨੇ ਆਪਣੀਆਂ ਲਿਖੀਆਂ ਪੁਸਤਕਾਂ ਦੇ ਮਾਧਿਅਮ ਰਾਹੀਂ ਬੱਚਿਆਂ ਅਤੇ ਉਨ੍ਹਾਂ ਦੇ ਅਧਿਆਪਕਾਂ ਨੂੰ ਵਡਮੁੱਲਾ ਸੁਨੇਹਾ ਦਿੱਤਾ ਹੈ। ਜੇਕਰ ਉਨ੍ਹਾਂ ਦੇ ਦਿੱਤੇ ਇਸ ਸੁਨੇਹੇ ਨੂੰ ਹਰ ਇੱਕ ਵਿਦਿਆਰਥੀ ਅਤੇ ਅਧਿਆਪਕ ਪੜ੍ਹੇ ਅਤੇ ਆਪਣੀ ਜ਼ਿੰਦਗੀ ਵਿਚ ਉਤਾਰੇ ਤਾਂ ਯਕੀਨਨ ਤੌਰ 'ਤੇ ਉਨ੍ਹਾਂ ਦੀ ਸੋਚ ਵਿਚ ਇਕ ਚਮਤਕਾਰੀ ਤਬਦੀਲੀ ਆ ਸਕਦੀ ਹੈ। ਉਨ੍ਹਾਂ ਨੇ ਆਪਣੇ ਪਰਿਵਾਰਕ ਜੀਵਨ ਦਾ ਜ਼ਿਕਰ ਕਰਦਿਆਂ ਆਪਣੇ ਜੀਵਨ ਅਤੇ ਉਸ ਦੀਆਂ ਉਪਲਬਧੀਆਂ ਲਈ ਆਪਣੇ ਪਿਤਾ ਜੈਨਲਾਖਦੀਨ ਦੀ ਈਮਾਨਦਾਰੀ ਅਤੇ ਆਤਮ ਅਨੁਸ਼ਾਸਨ ਅਤੇ ਮਾਤਾ ਆਸਿਅੱਮਾ ਦਾ ਪਰਮਾਤਮਾ ਵਿੱਚ ਵਿਸ਼ਵਾਸ਼ ਅਤੇ ਕਰੁਣਾ ਨੂੰ ਪ੍ਰੇਰਣਾ ਦਾ ਸਰੋਤ ਦੱਸਿਆ ਹੈ। ਉਹ ਦੇਸ਼ ਦੇ ਰਾਸ਼ਟਰਪਤੀ ਦੇ ਅਹੁਦੇ ਤੱਕ ਪਹੁੰਚ ਕੇ ਵੀ ਆਪਣੇ ਜੀਵਨ ਉੱਤੇ ਆਪਣੇ ਜੀਜੇ ਅਹਮਦ ਜੁਲਾਲੁਦੀਨ, ਚਚੇਰੇ ਭਰਾ ਸ਼ਾਮੂਦੀਨ, ਆਪਣੀ ਭੈਣ ਜੋਹਰਾ ਆਪਣੇ ਦੋਸਤਾਂ ਰਾਮਾਨੰਦ ਸ਼ਾਸਤਰੀ, ਅਰਵਿੰਦ ਅਤੇ ਸ਼ਿਵਪ੍ਰਕਾਸਨ ਦੇ ਪ੍ਰਭਾਵ ਅਤੇ ਉਨ੍ਹਾਂ ਦੇ ਯੋਗਦਾਨ ਦਾ ਜ਼ਿਕਰ ਕਰਨਾ ਵੀ ਨਹੀਂ ਭੁੱਲੇ।

ਉਹ ਆਪਣੇ ਮਹਾਨ ਅਧਿਆਪਕ ਆਇਦਰੈ ਸੁਲੇਮਾਨ ਦੀ ਮਹਾਨ ਸੋਚ ਦਾ ਜ਼ਿਕਰ ਛੇੜਦਿਆਂ ਆਪਣੀ ਪੁਸਤਕ ਅਗਨੀ ਦੀ ਉਡਾਨ ਵਿੱਚ ਲਿਖਦੇ ਹਨ ਕਿ ਤੁਸੀਂ ਆਪਣੀ ਇੱਛਾ ਅਤੇ ਵਿਸ਼ਵਾਸ਼ ਨਾਲ ਆਪਣੀ ਜ਼ਿੰਦਗੀ ਬਦਲ ਸਕਦੇ ਹੋ। ਉਹ ਆਪਣੇ ਇਸ ਅਧਿਆਪਕ ਦੇ ਕਥਨ ਦੇ ਨਾਲ ਆਪਣੇ ਬਚਪਨ ਦੀਆਂ ਯਾਦਾਂ ਨੂੰ ਜੋੜਦੇ ਹੋਏ ਲਿਖਦੇ ਹਨ ਕਿ ਆਪਣੇ ਬਚਪਨ ਵਿੱਚ ਮੈਂ ਅਸਮਾਨ ਅਤੇ ਪੰਛੀਆਂ ਦੇ ਉੱਡਣ ਦੇ ਰਹੱਸ ਦੇ ਪ੍ਰਤੀ ਕਾਫੀ ਟੁੰਬਿਆ ਜਾਂਦਾ ਸੀ। ਸਾਰਸ ਪੰਛੀ ਨੂੰ ਸਮੁੰਦਰ ਉੱਤੇ ਮੰਡਰਾਉਂਦਿਆਂ ਅਤੇ ਦੂਜੇ ਪੰਛੀਆਂ ਨੂੰ ਅਸਮਾਨ ਵਿੱਚ ਉੱਡਦਿਆਂ ਵੇਖਦਾ ਰਹਿੰਦਾ ਸਾਂ। ਮੈਂ ਭਾਵੇਂ ਇੱਕ ਸਾਧਾਰਣ ਜਿਹੇ ਪਰਿਵਾਰ ਦਾ ਬੱਚਾ ਸਾਂ ਪਰ ਫੇਰ ਵੀ ਮੈਂ ਅਸਮਾਨ ਵਿੱਚ ਉੱਡਣ ਦੇ ਸੁਪਨੇ ਵੇਖਣ ਲੱਗ ਪਿਆ ਸਾਂ। ਮੇਰੀ ਇਸ ਇੱਛਾ ਨੇ ਮੇਰੀ ਸੱਚਮੁਚ ਹੀ ਜ਼ਿੰਦਗੀ ਬਦਲ ਦਿੱਤੀ। ਉਹ ਬਚਪਨ ਤੋਂ ਕਿਤਾਬਾਂ ਪੜ੍ਹਣ ਦੇ ਸ਼ੌਕੀਨ ਸਨ। ਪਰ ਉਨ੍ਹਾਂ ਦਿਨਾਂ ਵਿੱਚ ਪੜ੍ਹਨ ਲਈ ਪੁਸਤਕਾਂ ਉਪਲੱਬਧ ਹੋਣਾ ਔਖੀ ਗੱਲ ਸੀ ਪਰ ਉਨ੍ਹਾਂ ਦੇ ਸ਼ੋਕ ਨੂੰ ਵੇਖਦਿਆਂ ਐਸ.ਟੀ. ਪਾਨਿਕਰ ਉਨ੍ਹਾਂ ਆਪਣੀ ਨਿੱਜੀ ਲਾਇਬਰੇਰੀ ਤੋਂ ਪੁਸਤਕਾਂ ਪੜ੍ਹਣ ਲਈ ਦੇ ਦਿੰਦੇ ਸਨ ।

ਅਧਿਆਪਕ ਦੀ ਸੋਚ ਸਦਾ ਹੀ ਧਰਮ ਨਿਰਪੱਖ ਹੋਣੀ ਚਾਹੀਦੀ ਹੈ । ਇਸ ਦਾ ਸੁਨੇਹਾ ਦੇਣ ਲਈ ਉਹ ਆਪਣੇ ਰਾਮੇਸਵਰਮ ਦੇ ਪ੍ਰਾਇਮਰੀ ਸਕੂਲ ਦੀ ਘਟਨਾ ਦਾ ਜ਼ਿਕਰ ਕਰਦਿਆਂ ਹੋਇਆਂ ਲਿਖਦੇ ਹਨ ਕਿ ਉਹ ਆਪਣੇ ਪ੍ਰਾਇਮਰੀ ਸਕੂਲ ਵਿੱਚ ਆਪਣੇ ਬਚਪਨ ਦੇ ਮਿੱਤਰ ਰਾਮਾਨੰਦ ਸ਼ਾਸਤਰੀ ਨਾਲ ਟੋਪੀ ਪਾ ਕੇ ਸਭ ਤੋਂ ਅਗਲੇ ਬੈਂਚ ਉੱਤੇ ਬੈਠਦਾ ਹੁੰਦਾ ਸਾਂ। ਮੇਰੀ ਟੋਪੀ ਮੇਰੇ ਮੁਸਲਿਮ ਹੋਣ ਦਾ ਪ੍ਰਤੀਕ ਸੀ। ਸਾਡੇ ਸਕੂਲ ਵਿੱਚ ਆਏ ਇੱਕ ਨਵੇਂ ਅਧਿਆਪਕ ਨੂੰ ਮੇਰੇ ਮੁਸਲਿਮ ਹੋਣ ਦੇ ਨਾਤੇ ਇੱਕ ਹਿੰਦੂ ਵਿਦਿਆਰਥੀ ਨਾਲ ਬੈਠਣਾ ਚੰਗਾ ਨਹੀਂ ਲੱਗਾ । ਉਸ ਨੇ ਮੈਨੂੰ ਉਠਾ ਕੇ ਸਭ ਤੋਂ ਪਿੱਛੇ ਬਿਠਾ ਦਿੱਤਾ। ਮੈਂ ਸਾਰੀ ਘਟਨਾ ਆਪਣੇ ਪਿਤਾ ਜੀ ਨੂੰ ਦੱਸੀ। ਪਿਤਾ ਜੀ ਨੇ ਤਾਂ ਪਤਾ ਨਹੀਂ ਕੀ ਸੋਚਿਆ ਹੋਵੇਗਾ ਪਰ ਮੇਰੇ ਮਿੱਤਰ ਰਾਮਾਨੰਦ ਸ਼ਾਸਤਰੀ ਦੇ ਪਿਤਾ ਪਕਸੀਲਕਸ਼ਮਣ ਸ਼ਾਸਤਰੀ ਨੇ ਉਸ ਅਧਿਆਪਕ ਨੂੰ ਆਪਣੇ ਘਰ ਬੁਲਾ ਕੇ ਕਿਹਾ ਕਿ ਜਾਂ ਤਾਂ ਉਹ ਸਕੂਲ ਛੱਡ ਜਾਵੇ ਜਾਂ ਫੇਰ ਉਹ ਆਪਣੀ ਸੋਚ ਬਦਲੇ। ਉਸ ਦਿਨ ਤੋਂ ਬਾਅਦ ਉਸ ਅਧਿਆਪਕ ਨੇ ਆਪਣੀ ਸੋਚ ਨੂੰ ਬਦਲ ਲਿਆ। ਆਪਣੇ ਵਿਗਿਆਨ ਅਧਿਆਪਕ ਸਵ. ਸੁਬਰਾਮਨਿਅਮ ਆਇਰ ਦੀ ਉਦਾਹਰਣ ਦਿੰਦਿਆਂ ਉਹ ਲਿਖਦੇ ਹਨ ਕਿ ਬੱਚੇ ਆਪਣੇ ਅਧਿਆਪਕ ਦੀ ਪ੍ਰੇਰਣਾ ਨਾਲ ਉਚਾਈਆਂ ਨੂੰ ਛੂਹ ਸਕਦੇ ਹਨ। ਉਨ੍ਹਾਂ ਦੇ ਵਿਗਿਆਨ ਅਧਿਆਪਕ ਨੇ ਉਨ੍ਹਾਂ ਨੂੰ ਕਿਹਾ, "ਕਲਾਮ ਮੈਂ ਤੈਨੂੰ ਅਜਿਹਾ ਵਿਅਕਤੀ ਬਣਾਉਣਾ ਚਾਹੁੰਦਾ ਹਾਂ ਜਿਸ ਨਾਲ ਮਹਾਨ ਵਿਅਕਤੀਆਂ ਵਿੱਚ ਤੇਰੀ ਆਪਣੀ

ਪਹਿਚਾਣ ਹੋਵੇ। ਉਸ ਦੇ ਵਿਗਿਆਨ ਅਧਿਆਪਕ ਧਾਰਮਿਕ ਕੱਟੜਤਾ ਦੇ ਵਿਰੋਧੀ ਸਨ। ਉਹ ਇਸ ਵਿਵਸਥਾ ਨੂੰ ਬਦਲਣਾ ਚਾਹੁੰਦੇ ਸਨ । ਇਕ ਦਿਨ ਉਹ ਮੈਨੂੰ ਆਪਣੇ ਘਰ ਖਾਣੇ ਤੇ ਲੈ ਗਏ। ਉਨ੍ਹਾਂ ਦੀ ਪਤਨੀ ਮੈਨੂੰ ਮੁਸਲਿਮ ਹੋਣ ਦੇ ਨਾਤੇ ਖਾਣਾ ਖਿਲਾਉਣਾ ਨਹੀਂ ਚਾਹੁੰਦੀ ਸੀ ਕਿਉਂਕਿ ਵਿਗਿਆਨ ਅਧਿਆਪਕ ਬ੍ਰਾਹਮਣ ਪਰਿਵਾਰ ਨਾਲ ਸਬੰਧਤ ਸਨ। ਉਨ੍ਹਾਂ ਦੀ ਪਤਨੀ ਮੈਨੂੰ ਖਾਣਾ ਖਿਲਾਉਣ ਲਈ ਤਿਆਰ ਨਹੀਂ ਸੀ। ਪਰ ਵਿਗਿਆਨ ਅਧਿਆਪਕ ਨੇ ਮੈਨੂੰ ਆਪਣੇ ਹੱਥੀਂ ਖਾਣਾ ਪਰੋਸਿਆ ।

ਉਨ੍ਹਾਂ ਨੂੰ ਖਾਣਾ ਖਾਂਦਿਆਂ ਨੂੰ ਉਨ੍ਹਾਂ ਦੀ ਪਤਨੀ ਰਸੋਈ ਵਿਚੋਂ ਬਹੁਤ ਹੀ ਅਜੀਬ ਢੰਗ ਨਾਲ ਵੇਖ ਰਹੀ ਸੀ। ਪਰ ਉਨ੍ਹਾਂ ਦੇ ਵਿਗਿਆਨ ਅਧਿਆਪਕ ਨੇ ਉਨ੍ਹਾਂ ਨੂੰ ਮੁੜ ਰਾਤ ਦੇ ਖਾਣੇ ਤੇ ਬੁਲਾਇਆ। ਉਸ ਦਿਨ ਉਨ੍ਹਾਂ ਦੀ ਪਤਨੀ ਨੇ ਉਨ੍ਹਾਂ ਨੂੰ ਆਪਣੇ ਹੱਥੀਂ ਖਾਣਾ ਪਰੋਸਿਆ। ਉਨ੍ਹਾਂ ਦੀ ਪਤਨੀ ਦੇ ਇਸ ਵਿਵਹਾਰ ਨੂੰ ਵੇਖਦਿਆਂ ਜਦੋਂ ਕਲਾਮ ਨੇ ਆਪਣੇ ਅਧਿਆਪਕ ਨੂੰ ਬਦਲਾਅ ਆਉਣ ਦਾ ਕਾਰਣ ਪੁੱਛਿਆ ਤਾਂ ਅਧਿਆਪਕ ਨੇ ਅੱਗੋਂ ਕਿਹਾ, 'ਕਲਾਮ, ਜਦੋਂ ਅਸੀਂ ਬਦਲਾਅ ਵੱਲ ਵਧਦੇ ਹਾਂ ਉਦੋਂ ਇਹੋ ਜਿਹੀਆਂ ਸਮੱਸਿਆਵਾਂ ਆਉਂਦੀਆਂ ਹੀ ਹਨ।' ਉਨ੍ਹਾਂ ਨੇ ਆਪਣੇ ਪਿਤਾ ਅੱਗੇ ਇਹ ਇੱਛਾ ਜ਼ਾਹਰ ਕੀਤੀ ਕਿ ਉਹ ਰਾਮੇਸਵਰਮ ਛੱਡ ਕੇ ਜ਼ਿਲ੍ਹਾ ਪੱਧਰ ਤੇ ਰਾਮਨਾਥਪੁਰਮ ਵਿਖੇ ਪੜ੍ਹਣਾ ਚਾਹੁੰਦੇ ਹਨ। ਪਰਿਵਾਰ ਦੀ ਚੰਗੀ ਆਰਥਿਕ ਸਥਿਤੀ ਨਾ ਹੋਣ ਦੇ ਬਾਵਜੂਦ ਵੀ ਉਹ ਉਨ੍ਹਾਂ ਨੂੰ ਪੜ੍ਹਣ ਲਈ ਰਾਮਨਾਥਪੁਰਮ ਭੇਜਣ ਲਈ ਤਿਆਰ ਹੋ ਗਏ । ਉਨ੍ਹਾਂ ਦੇ ਪਿਤਾ ਜੀ ਨੇ ਉਨ੍ਹਾਂ ਨੂੰ ਕਿਹਾ, ''ਕਲਾਮ, ਸਾਡੀ ਆਰਥਿਕ ਮਜ਼ਬੂਰੀ ਅਤੇ ਸਾਡਾ ਭਾਵਨਾਮਤਮਕ ਸਨੇਹ ਤੇਰੇ ਅੱਗੇ ਵੱਧਣ ਦੇ ਰਾਹ ਵਿੱਚ ਅੜਿੱਕਾ ਨਹੀਂ ਬਣਨਗੇ।' ਉਨ੍ਹਾਂ ਦੀ ਮਾਂ ਉਨ੍ਹਾਂ ਨੂੰ ਐਨੀ ਛੋਟੀ ਉਮਰ ਵਿੱਚ ਆਪਣੇ ਤੋਂ ਅੱਡ ਨਹੀਂ ਕਰਨਾ ਚਾਹੁੰਦੀ ਸੀ। ਪਰ ਪਿਤਾ ਜੀ ਨੇ ਮਾਂ ਨੂੰ ਖਲੀਲਾ ਜਿਬਰਾਨ ਦੀਆਂ ਕਹਾਣੀਆਂ ਸੁਣਾ ਕੇ ਉਨ੍ਹਾਂ ਨੂੰ ਭੇਜਣ ਲਈ ਮਨਾ ਲਿਆ। ਅਹਿਮਦ ਜਲਾਲੁਦੀਨ ਅਤੇ ਸ਼ਾਮੂਦੀਨ ਉਨ੍ਹਾਂ ਨੂੰ ਰਾਮਨਾਥਪੁਰਮ ਦੇ ਸਿਵਾਰਟਜ ਹਾਈ ਸਕੂਲ ਵਿੱਚ ਦਾਖਲ ਕਰਵਾ ਆਏ।

ਉਹ ਆਪਣੇ ਉੱਤਮ ਅਧਿਆਪਕ ਆਇਦਰੈ ਸੁੱਲੇਮਾਨ ਦਾ ਜ਼ਿਕਰ ਕਰਦਿਆਂ ਹੋਇਆਂ ਆਪਣੀ ਪੁਸਤਕ ਅਗਨੀ ਦੀ ਉਡਾਨ ਵਿੱਚ ਲਿਖਦੇ ਹਨ ਕਿ ਉਸ ਅਧਿਆਪਕ ਨਾਲ ਮੇਰੇ ਗੂੜੇ ਸਬੰਧ ਇਸ ਲਈ ਸਨ ਕਿਉਂਕਿ ਆਦਰਸ਼, ਮਾਰਗਦਰਸ਼ਕ, ਸਨੇਹੀ, ਖੁੱਲ੍ਹੇ ਦਿਲ ਵਾਲਾ ਵਿਦਿਆਰਥੀਆਂ ਦਾ ਉਤਸਾਹ ਵਧਾਉਣ ਵਾਲਾ ਅਧਿਆਪਕ ਸੀ। ਉਹ ਸਫਲਤਾ ਲਈ ਇੱਛਾ, ਆਸਥਾ ਅਤੇ ਉਮੀਦ ਨੂੰ ਸਾਧਨ ਸਮਝਦਾ ਸੀ। ਉਸਦਾ ਕਹਿਣਾ ਸੀ ਕਿ ਤੁਸੀਂ ਇੱਛਾ ਅਤੇ ਵਿਸ਼ਵਾਸ ਨਾਲ ਆਪਣੀ ਕਿਸਮਤ ਬਦਲ ਸਕਦੇ ਹੋ । ਉਨ੍ਹਾਂ ਦਾ ਇਹ ਵੀ ਕਹਿਣਾ ਸੀ ਕਿ ਇਕ ਚੰਗੇ ਅਧਿਆਪਕ ਤੋਂ ਜਿੰਨਾ ਇੱਕ ਕਮਜ਼ੋਰ ਵਿਦਿਆਰਥੀ ਸਿੱਖ ਪਾਉਂਦਾ ਹੈ ਉਸ ਤੋਂ ਜ਼ਿਆਦਾ ਇਕ ਕਮਜ਼ੋਰ ਅਧਿਆਪਕ ਤੋਂ ਜ਼ਿਆਦਾ ਹੁਸ਼ਿਆਰ ਵਿਦਿਆਰਥੀ ਸਿੱਖ ਪਾਉਂਦਾ ਹੈ। ਅਧਿਆਪਕ ਆਇਦਰੈ ਸੁੱਲੇਮਾਨ ਦੇ ਇਨ੍ਹਾਂ ਗੁਣਾਂ ਤੋਂ ਪ੍ਰੇਰਿਤ ਹੋ ਕੇ ਉਹ ਐਰੋਨੇਟਿਕ ਖੇਤਰ ਤੱਕ ਪਹੁੰਚੇ। ਉਹ ਆਪਣੇ ਵਿਦਿਆਰਥੀ ਜੀਵਨ ਦੇ ਇੱਕ ਹੋਰ ਪ੍ਰਸੰਗ ਦਾ ਜ਼ਿਕਰ ਕਰਦਿਆਂ ਆਪਣੀ ਪੁਸਤਕ ਅਗਨੀ ਦੀ ਉਡਾ ਉਡਾਨ ਵਿੱਚ ਲਿਖਦੇ ਹਨ ਕਿ ਉਹ ਚੌਥੀ ਜਮਾਤ ਵਿੱਚ ਪੜ੍ਹਦੇ ਸਨ। ਉਨ੍ਹਾਂ ਦੇ ਸਕੂਲਾਂ ਵਿੱਚ ਜਮਾਤਾਂ ਮੈਦਾਨ ਵਿੱਚ ਝੁੰਡ ਦੇ ਰੂਪ ਵਿੱਚ ਲੱਗਦੀਆਂ ਸਨ। ਉਨ੍ਹਾਂ ਦੇ ਗਣਿਤ ਅਧਿਆਪਕ ਰਾਮਕ੍ਰਿਸ਼ਨ ਆਇਰ ਦੂਜੀ ਜਾਮਤ ਨੂੰ ਗਣਿਤ ਪੜ੍ਹਾ ਰਹੇ ਸਨ। ਉਹ ਗਲਤੀ ਨਾਲ ਉਹਨਾਂ ਦੀ ਜਮਾਤ ਕੋਲੋਂ ਲੰਘ ਬੈਠੇ ਸਨ। ਉਨ੍ਹਾਂ ਦੀ ਨਜ਼ਰ ਵਿੱਚ ਮੇਰੀ ਇਹ ਬਹੁਤ ਵੱਡੀ ਗਲਤੀ ਸੀ। ਉਨ੍ਹਾਂ ਨੇ ਮੈਨੂੰ ਬੈਂਤਾਂ ਨਾਲ ਕੁੱਟਿਆ। ਪਰ ਉਸੇ ਅਧਿਆਪਕ ਨੇ ਜਦੋਂ ਮੇਰੇ ਗਣਿਤ ਵਿਸ਼ੇ ਵਿੱਚ ਅੰਕ ਵੇਖੇ ਤਾਂ ਉਨ੍ਹਾਂ ਨੇ ਸਵੇਰ ਦੀ ਪ੍ਰਾਰਥਨਾ ਸਭਾ ਵਿੱਚ ਕਿਹਾ ਕਿ ਜਿਸ ਬੱਚੇ ਨੂੰ ਮੈਂ ਬੈਂਤਾਂ ਨਾਲ ਕੁੱਟ ਦਿੰਦਾ ਹਾਂ ਉਹ ਭਵਿੱਖ ਵਿੱਚ ਬਹੁਤ ਵੱਡਾ ਵਿਅਕਤੀ ਬਣਦਾ ਹੈ। ਸ਼ਾਇਦ ਉਹ ਸ਼ਬਦ ਉਨ੍ਹਾਂ ਦੇ ਮੇਰੇ ਪ੍ਰਤੀ ਭਵਿੱਖਬਾਣੀ ਸੀ।

ਸੇਂਟ ਜੋਸੇਫ ਕਾਲੇਜ ਤੋਂ ਬੀ.ਐਸ.ਸੀ. ਕਰਨ ਤੋਂ ਬਾਅਦ ਉਨ੍ਹਾਂ ਨੂੰ ਅਨੁਭਵ ਹੋਇਆ ਕਿ ਭੌਤਿਕੀ ਉਨ੍ਹਾਂ ਦਾ ਭਵਿੱਖ ਨਹੀਂ ਹੈ। ਉਹ ਇੰਟਰਮੀਡੀਅਟ ਤੋਂ ਮਗਰੋਂ ਵੀ ਐਰੋਨੋਟਿਕ ਇੰਜਨੀਅਰਿੰਗ ਵਿਚ ਜਾ ਸਕਦੇ ਸਨ। ਉਨ੍ਹਾਂ ਨੇ ਆਪਣੇ ਆਪ ਨਾਲ ਸਮਝੌਤਾ ਕਰਦਿਆਂ ਐਮ.ਆਈ.ਟੀ. (ਮਦਰਾਸ ਇੰਸਟੀਚੀਊਨ ਆਫ ਟੇਕਨੋਲੋਜੀ) ਵਿਚ ਦਾਖਲਾ ਲੈਣਾ ਚਾਹਿਆ। ਪਰ ਪਿਤਾ ਜੀ ਦੀ ਆਰਥਿਕ ਮਜ਼ਬੂਰੀ ਉਨ੍ਹਾਂ ਦੇ ਰਾਹ ਵਿੱਚ ਅੜਿੱਕਾ ਸੀ। ਇੰਸਟੀਜੀਊਟ ਵਿੱਚ ਦਾਖਲੇ ਲਈ ਉਨ੍ਹਾਂ ਦੀ ਭੈਣ ਜੋਹਰਾ ਨੇ ਆਪਣੇ ਸੋਨੇ ਦੇ ਕੰਗਨ ਵੇਚੇ । ਇਸ ਇੰਸਟੀਜੀਊਟ ਵਿੱਚ ਉਹ ਪ੍ਰੋ. ਸੰਪਾਡਰ, ਕੇ.ਈ.ਵੀ. ਪਨਦਲਾਈ ਅਤੇ ਪ੍ਰੋ. ਨਰਸਿੰਹ ਰਾਓ ਤੋਂ ਕਾਫੀ ਪ੍ਰੇਰਿਤ ਅਤੇ ਪ੍ਰਭਾਵਿਤ ਹੋਏ। ਉਨ੍ਹਾਂ ਦੇ ਵਿਦਿਆਰਥੀ ਜੀਵਨ ਦਾ ਇਹ ਸਫਰ ਆਪਣੇ ਆਪ ਵਿੱਚ ਇੱਕ ਵਿਲੱਖਣ ਅਨੁਭਵ ਸਾਂਭੀ ਬੈਠਾ ਹੈ।

ਪ੍ਰੇਰਨਾਦਾਇਕ ਪੁਸਤਕਾਂ

ਚੰਦ ਤੱਕ ਉਡਾਰੀ

ਲੇਖਕ : ਬਲਜਿੰਦਰ ਮਾਨ

ਪ੍ਰਕਾਸ਼ਕ : ਸੰਗਮ ਪਬਲਿਕੇਸ਼ਨਜ਼, ਸਮਾਣਾ

ਪੰਨੇ : 40, ਮੁੱਲ : 125/-

ਜੇ ਬਲਜਿੰਦਰ ਮਾਨ ਦੇ ਪਿਛਲੇ ਢਾਈ ਦਹਾਕੇ ਲੰਮੇ ਸਾਹਿਤਕ ਸਫ਼ਰ 'ਤੇ ਨਜ਼ਰ ਮਾਰੀ ਜਾਵੇ ਤਾਂ ਪੰਜਾਬੀ ਬਾਲ ਸਾਹਿਤ ਦੇ ਖੇਤਰ ਵਿਚ ਉਸ ਦੀ 'ਘਾਲਣਾ' ਤੇ 'ਦੇਣ' ਆਪ ਮੂੰਹੋਂ ਬੋਲਦੀਆਂ ਹਨ। ਪੱਚੀ ਸਾਲਾਂ ਤੋਂ (1995 ਤੋਂ) 'ਨਿੱਕੀਆਂ ਕਰੂੰਬਲਾਂ' ਬਾਲ ਰਸਾਲੇ ਦੀ ਸੰਪਾਦਨਾ ਤੇ ਪ੍ਰਕਾਸ਼ਨਾ ਵਿਚ ਲਗਾਤਾਰਤਾ ਅਤੇ ਮਿਆਰ ਤੇ ਨੁਹਾਰ ਵਿਚ ਉੱਤਮਤਾ ਬਣਾਈ ਰੱਖਣਾ ਕੋਈ ਸੌਖਾ ਕੰਮ ਨਹੀਂ, ਪਰ ਬਲਜਿੰਦਰ ਮਾਨ ਨੇ ਆਪਣੀ ਸੁਹਿਰਦਤਾ, ਹਿੰਮਤ ਤੇ ਦੂਰਦ੍ਰਿਸ਼ਟਤਾ ਨਾਲ ਇਹ ਬਿਖੜਾ ਪੈਂਡਾ ਬਾਖ਼ੂਬੀ ਤੈਅ ਕੀਤਾ ਹੈ। 'ਨਿੱਕੀਆਂ ਕਰੂੰਬਲਾਂ' ਨੇ ਜੋ ਅਣਗਿਣਤ ਬਾਲਾਂ ਤੇ ਉੱਭਰਦੇ ਲਿਖਾਰੀਆਂ ਨੂੰ ਬਾਲ ਸਾਹਿਤ ਸਿਰਜਣਾ ਦੇ ਰਾਹੇ ਪਾਇਆ ਹੈ, ਉਸ ਨੂੰ ਤਾਂ ਬਲਜਿੰਦਰ ਮਾਨ ਦੇ ਬਾਇਓਡਾਟੇ ਵਿਚ ਕੋਈ ਜੋੜ ਕੇ ਹੀ ਨਹੀਂ ਦੇਖਦਾ! ਜੇ ਦੇਖਦਾ ਹੁੰਦਾ ਤਾਂ ਉਸ ਦੀ 'ਦੇਣ' ਨੂੰ ਬਣਦਾ ਮਾਣ-ਸਨਮਾਨ ਬਹੁਤ ਪਹਿਲਾਂ ਹੀ ਦੇ ਦਿੱਤਾ ਜਾਂਦਾ। ਮਾਨ ਹੁਣ ਤੱਕ 16 ਮੌਲਿਕ ਪੁਸਤਕਾਂ (3 ਵਾਰਤਕ, 13 ਬਾਲ ਪੁਸਤਕਾਂ) ਦੀ ਰਚਨਾ, 5 ਬਾਲ ਪੁਸਤਕਾਂ ਦਾ ਅਨੁਵਾਦ ਅਤੇ 21 ਬਾਲ ਪੁਸਤਕਾਂ ਦੀ ਸੰਪਾਦਨਾ ਕਰ ਚੁੱਕਾ ਹੈ। ਬਲਜਿੰਦਰ ਮਾਨ ਕਿੱਤੇ ਵਜੋਂ ਅਧਿਆਪਕ ਹੈ, ਤੇ ਭਾਰਤ ਦੇ ਮਰਹੂਮ ਰਾਸ਼ਟਰਪਤੀ ਤੇ ਸਿੱਖਿਆ ਸ਼ਾਸਤਰੀ ਡਾ. ਐਸ. ਰਾਧਾਕ੍ਰਿਸ਼ਨਨ ਜੀ ਦੇ ਕੀਮਤੀ ਕਥਨ 'ਅਧਿਆਪਕ ਸਮਾਜ ਦਾ ਸਭ ਤੋਂ ਉੱਚੀ-ਸੁੱਚੀ ਜ਼ਮੀਰ ਵਾਲਾ ਵਿਅਕਤੀ ਹੋਣਾ ਚਾਹੀਦਾ ਹੈ' ਉੱਤੇ ਪੂਰਾ ਖ਼ਰਾ ਉੱਤਰਦਾ ਹੈ।

ਬਲਜਿੰਦਰ ਮਾਨ ਦੀ ਹਥਲੀ ਨਵੀਂ ਤੇ ਰੰਗਦਾਰ ਪੁਸਤਕ 'ਚੰਦ ਤੱਕ ਉਡਾਰੀ' 46 ਨਰਸਰੀ ਗੀਤਾਂ ਦਾ ਖ਼ੂਬਸੂਰਤ ਗੁਲਦਸਤਾ ਹੈ। ਇਸ ਪੁਸਤਕ ਵਿਚਲੇ ਨਰਸਰੀ ਗੀਤਾਂ ਵਿਚੋਂ ਜਿਥੇ ਕੁਦਰਤੀ ਵਰਤਾਰੇ ਸਾਡੇ ਰੂ-ਬ-ਰੂ ਹੁੰਦੇ ਹਨ, ਉਥੇ ਹੀ ਰਿਸ਼ਤਿਆਂ ਦੀ ਖ਼ੁਸ਼ਬੂ ਵੀ ਸਾਡੇ ਅੰਦਰ ਘੁਲਦੀ ਹੈ। ਇਹ ਨਰਸਰੀ ਗੀਤ ਬਾਲ ਪਾਠਕਾਂ ਨੂੰ ਚੰਦ ਤੱਕ ਉਡਾਰੀ ਮਾਰਨ ਦੀ ਸਦ (ਹੋਕਾ) ਵੀ ਦਿੰਦੇ ਹਨ ਤੇ ਸੇਧ ਵੀ। ਗਿਆਨ ਅਤੇ ਮਿਹਨਤ ਦੇ ਸੰਕਲਪ ਉਸ ਦੇ ਇਹਨਾਂ ਨਰਸਰੀ ਗੀਤਾਂ ਦੇ ਕੇਂਦਰੀ ਨੁਕਤੇ ਹਨ। ਵੇਖੋ ਦੋ ਲਾਜਵਾਬ ਨਮੂਨੇ-

"ਗਿਆਨ ਦੇ ਆਪਾਂ ਗਹਿਣੇ ਪਾਈਏ,
ਹੱਥੀਂ ਕੰਮ ਦੀ ਆਦਤ ਪਾਈਏ,
ਕਿਤਾਬਾਂ ਸੱਚੀਆਂ ਮਿੱਤਰ ਨੇ,
ਜੀਵਨ ਵਿਚ ਨਾ ਕਦੇ ਗੁਆਈਏ।"

ਅਤੇ

"ਚੰਦ ਤੱਕ ਹੁਣ ਉਡਾਰੀ ਭਰਨੀ
ਰੱਜ ਕੇ ਆਪਾਂ ਮਿਹਨਤ ਕਰਨੀ।
ਗਿਆਨ ਦੇ ਲਾ ਕੇ ਚੱਪੂ ਆਪਾਂ,
ਜੀਵਨ ਦੀ ਹੈ ਬੇੜੀ ਤਰਨੀ।"

ਬਲਜਿੰਦਰ ਮਾਨ ਆਪਣੀ ਇਸ ਨਰੋਈ ਸਿਰਜਨਾ ਲਈ ਵਧਾਈ ਅਤੇ ਮਾਣ-ਸਤਿਕਾਰ ਦਾ ਹੱਕਦਾਰ ਹੈ। ਆਮੀਨ.....!

-ਜਸਪ੍ਰੀਤ ਸਿੰਘ ਜਗਰਾਓਂ

ਪਾਣੀ ਇਕ ਅਨਮੋਲ ਰਤਨ

ਲੇਖਕ:ਕੋਮਲਪ੍ਰੀਤ ਕੌਰ

ਪ੍ਰਕਾਸ਼ਕ:ਤਰਲੋਸਨ ਪਬਲਿਸ਼ਰਜ਼ ਚੰਡੀਗੜ੍ਹ,

ਪੰਨੇ:40, ਮੁੱਲ:70/-

ਕੋਮਲਪ੍ਰੀਤ ਕੌਰ ਅੰਗਰੇਜ਼ੀ ਦੀ ਲੈਕਚਰਾਰ ਹੋਣ ਦੇ ਬਾਵਜੂਦ ਪੰਜਾਬੀ ਵਿਚ ਬੜੀਆਂ ਰੋਚਕ ਕਵਿਤਾਵਾਂ ਅਤੇ ਵਾਰਤਕ ਰਚਨਾਵਾਂ ਦੀ ਸਿਰਜਣਾ ਕਰਦੀ ਹੈ। ਉਸ ਕੋਲ ਬਾਲ ਮਨੋਵਿਗਿਆਨ ਨੂੰ ਸਮਝਣ ਅਤੇ ਸਮਝਾਉਣ ਦਾ ਗਿਆਨ ਹੈ। ਜਿਸ ਕਰਕੇ ਉਸਦੀ ਰਚਨਾ ਬਾਲਾਂ ਦੇ ਸਿਰ ਉਤੋਂ ਨਹੀਂ ਸਗੋਂ ਸਿਰ ਵਿਚੀਂ ਲੰਘਦੀ ਹੈ। ਜਿਸ ਨਾਲ ਬਾਲ ਮਨ ਅੰਦਰ ਨਵੀਆਂ ਰੀਝਾਂ ਅਤੇ ਸੁਪਨੇ ਪੁੰਗਰਦੇ ਹਨ। ਉਸ ਕੋਲ ਕੋਮਲ ਸ਼ਬਦਾਵਲੀ ਦਾ ਵੀ ਭੰਡਾਰ ਹੈ ਜਿਸਦੇ ਇਸਤੇਮਾਲ ਨਾਲ ਰਚਨਾ ਵਿਚ ਦਿਲਚਸਪੀ ਭਰ ਦਿੰਦੀ ਹੈ। ਉਹ ਇਕ ਕੋਮਲ ਹਿਰਦੇ ਵਾਲੀ ਮਿਹਨਤੀ ਅਤੇ ਸਿਰੜੀ ਅਧਿਆਪਕਾ ਅਤੇ ਲੇਖਕਾ ਹੈ। ਹੱਥਲੀ ਪੁਸਤਕ ਤੋਂ ਪਹਿਲਾਂ ਉਸਦੀਆਂ ਬੱਚਿਆਂ ਲਈ ਜੁਗਨੂੰ,ਆਓ ਵੰਡੀਏ ਮੁਸਕਾਨ (ਕਵਿਤਾਵਾਂ) ਅਤੇ ਚੰਗੀਆਂ ਗੱਲਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਇੰਜ ਉਹ ਬਾਲ ਸਾਹਿਤ ਜਗਤ ਵਿਚ ਆਪਣੀ ਹਾਜ਼ਰੀ ਅਖਬਾਰਾਂ ਰਸਾਲਿਆਂ ਰਾਹੀਂ ਵੀ ਨਿਰੰਤਰ ਲਗਵਾ ਰਹੀ ਹੈ। ਵਿਚਾਰ ਅਧੀਨ ਪੁਸਤਕ 'ਪਾਣੀ ਇਕ ਅਨਮੋਲ ਰਤਨ' ਉਸਦੀ ਵਾਰਤਕ ਪੁਸਤਕ ਹੈ ਜਿਸ ਵਿਚ ਉਸਨੇ ਪਾਣੀ ਦੇ ਬਚਾਉਣ ਅਤੇ ਵਰਤੋਂ ਦੇ ਤੌਰ ਤਰੀਕਿਆਂ ਬਾਰੇ ਗਿਆਰਾਂ ਲੇਖ

ਦਰਜ ਕੀਤੇ ਹਨ। ਇਹ ਸਾਰੇ ਲੇਖ ਸੰਖੇਪ ਪਰ ਪ੍ਰਭਾਵਸ਼ਾਲੀ ਹਨ। ਸੁਨੇਹੇ ਨੇ ਪਾਣੀ ਦੀ ਮਹਾਨਤਾ ਨੂੰ ਉਜਾਗਰ ਕਰਨ ਵਾਲੇ ਦੇਸ਼ ਦੁਨੀਆਂ ਵਿਚ ਪਾਣੀ ਦੀ ਸਥਿਤੀ ,ਘਰ ,ਸਕੂਲ ਅਤੇ ਪਰਿਵਾਰ ਵਿਚ ਪਾਣੀ ਦੀ ਬਚਤ ਤਰੀਕੇ ਦਰਸਾਏ ਗਏ ਹਨ। ਕਿਸਾਨਾਂ ਨੂੰ ਸਲਾਹ ਦਿੱਤੀ ਗਈ ਹੈ ਕਿ ਉਹ ਸਿੰਚਾਈ ਤੁਪਕਾ ਪ੍ਰਣਾਲੀ ਕਰਨ। ਇਹ ਗੱਲ ਮੈਂਨੂੰ ਸਮਝ ਨਹੀਂ ਆਈ ਕਿ ਬਾਲ ਪੁਸਤਕ ਵਿਚ ਇਕ ਵੀ ਚਿੱਤਰ ਨਹੀਂ ਛਾਪਿਆ ਗਿਆ ਜਦਕਿ ਨਰੋਆ ਪੰਜਾਬ ਮੰਚ ਭਾਈ ਕਨ੍ਹੱਈਆਂ ਸੇਵਾ ਸੁਸਾਇਟੀ ਫ਼ਰੀਦਕੋਟ ਵਲੋਂ ਪਾਣੀ ਬਚਾਉਣ ਦੇ ਨਾਅਰੇ ਥਾਂ ਥਾਂ ਦਰਜ ਕੀਤੇ ਗਏ ਹਨ। ਕਿੰਨਾ ਚੰਗਾ ਹੁੰਦਾ ਇਹਨਾਂ ਰਚਨਾਵਾਂ ਨਾਲ ਰੌਚਕ ਚਿੱਤਰ ਵੀ ਪ੍ਰਕਾਸ਼ਿਤ ਕੀਤੇ ਜਾਂਦੇ। ਇਹ ਪੁਸਤਕ ਬਾਲਾਂ ਨੂੰ ਪਾਣੀ ਦੀ ਬੱਚਤ ਦੇ ਗੁਰ ਸਿਖਾਉਂਦੀ ਹੈ।

ਡਾ.ਵਿਜੈ ਕੁਮਾਰ ਭੱਟੀ

ਕਾਕਾ ਬੱਲੀ
ਕਵੀ: ਅਮਰਪ੍ਰੀਤ ਸਿੰਘ ਝੀਤਾ
ਪ੍ਰਕਾਸ਼ਕ: ਹਜ਼ੂਰੀਆ ਐਂਡ ਸੰਨਜ਼ ਜਲੰਧਰ,
ਪੰਨੇ:32,ਮੁੱਲ:100

ਅਮਰਪ੍ਰੀਤ ਸਿੰਘ ਝੀਤਾ ਇਕ ਮਿਹਨਤੀ ਅਧਿਆਪਕ ਅਤੇ ਹਿੰਮਤੀ ਸਾਹਿਤਕਾਰ ਹੈ। ਉਸਦੀਆਂ ਬਾਲ ਰਚਨਾਵਾਂ ਅਖਬਾਰਾਂ ਰਸਾਲਿਆਂ ਵਿਚ ਅਕਸਰ ਛਪਦੀਆਂ ਰਹਿੰਦੀਆਂ ਹਨ। ਉਹ ਇਕ ਅਧਿਆਪਕ ਹੋਣ ਕਰਕੇ ਬਾਲ ਮਾਨਸਿਕਤਾ ਦਾ ਗਿਆਨੀ ਹੈ । ਉਸਨੂੰ ਬਾਲ ਮਨਾਂ ਦੇ ਹਾਣ ਦੀ ਕਵਿਤਾ ਰਚਣ ਦੀ ਕਲਾ ਵੀ ਆਉਂਦੀ ਹੈ। ਉਸ ਦੁਆਰਾ ਰਚੇ ਗੀਤ ਬਾਲਾਂ ਦੁਆਰਾ ਅਕਸਰ ਸਟੇਜਾਂ ਤੇ ਗਾਏ ਜਾਂਦੇ ਹਨ। ਇਸੇ ਕਰਕੇ ਉਸਦੀ ਹਰ ਰਚਨਾ ਨੂੰ ਬਾਲ ਪਾਠਕ ਬੜੀ ਚਾਹਤ ਨਾਲ ਪੜ੍ਹਕੇ ਮਨੋਰੰਜਨ ਕਰਦੇ ਹਨ। ਉਸਦੀਆਂ ਕਿਰਤਾਂ ਵਿਚ ਬਾਲ ਮਨ ਨੂੰ ਰੁਝਾਉਣ ਦੀ ਅਨੂਠੀ ਕਲਾ ਹੈ। ਇਸ ਕਰਕੇ ਹੀ ਉਹ ਬਹੁਪੱਖੀ ਕਲਾ ਦਾ ਮਾਲਕ ਬਣ ਚੁੱਕਾ ਹੈ। ਹੱਥਲੀ ਪੁਸਤਕ 'ਕਾਕਾ ਬੱਲੀ' ਉਸਦੇ 18 ਬਾਲ ਗੀਤਾਂ ਦੀ ਪੁਸਤਕ ਹੈ। ਰੰਗਦਾਰ ਪੰਨਿਆਂ ਤੇ ਪ੍ਰਕਾਸ਼ਿਤ ਕੀਤੀ ਗਈ ਇਹ ਪੁਸਤਕ ਅੱਠਵੀਂ ਤਕ ਦੇ ਵਿਦਿਆਰਥੀਆਂ ਲਈ ਲਾਭਕਾਰੀ ਹੈ। ਇਸ ਵਿਚ ਜਿਉਮੈਟਰੀ ਦੀਆਂ ਕਲਾ ਕਿਰਤੀਆਂ ਨੂੰ ਬਾਲ ਗੀਤਾਂ ਰਾਹੀ ਸਮਝਾਇਆ ਗਿਆ ਹੈ। ਜੋ ਬਾਲ ਮਨ ਅੰਦਰ ਬਗੈਰ ਕਿਸੇ ਉਚੇਚ ਦੇ ਉਤਰ ਜਾਂਦੀ ਹੈ । ਗੋਲਾ, ਆਇਤ,ਚੱਕਰ ,ਵਰਗ ਤੋਂ ਇਲਾਵਾ ਸੂਰਜੀ ਪਰਿਵਾਰ ,ਜਨਮ ਦਿਨ ,ਸਿਹਤ ਬਣਾਈਏ ਅਤੇ ਸਕੂਲ ਆਦਿ ਵਿਸ਼ਿਆਂ ਤੇ ਰੌਚਕ ਗੀਤ ਰਚੇ ਗਏ ਹਨ। ਇਹਨਾਂ ਨਾਲ ਦਰਜ ਰੰਗਦਾਰ ਚਿੱਤਰ ਵੀ ਬੜੇ ਪ੍ਰਭਾਵਸ਼ਾਲੀ ਹਨ। ਅਮਰਪ੍ਰੀਤ ਝੀਤਾ ਦੀ ਇਸ ਸ਼ਾਨਦਾਰ ਕਿਰਤਾਂ ਦਾ ਬਾਲ ਜਗਤ ਵਿਚ ਨਿੱਘਾ ਸੁਆਗਤ ਹੈ।

ਪ੍ਰੋ.ਬਲਦੇਵ ਸਿੰਘ ਬੱਲੀ

ਬੱਚਿਆਂ ਦਾ ਪ੍ਰਣ
ਲੇਖਕ:ਚਰਨਜੀਤ ਸਿੰਘ ਕਤਰਾ
ਪ੍ਰਕਾਸ਼ਕ:ਹਰਜੋਤ ਪ੍ਰਕਾਸ਼ਨ ਮੋਰਿੰਡਾ (ਰੂਪਨਗਰ)
ਪੰਨੇ:62,ਮੁੱਲ:60/-

ਚਰਨਜੀਤ ਸਿੰਘ ਕਾਤਰਾ ਕਾਫ਼ੀ ਲੰਬੇ ਸਮੇਂ ਤੋਂ ਸਾਹਿਤ ਸਿਰਜਣਾ ਵਿਚ ਜੁਟਿਆ ਹੋਇਆ ਹੈ। ਉਸ ਕੋਲ ਜੀਵਨ ਦਾ ਡੂੰਘਾ ਤਜਰਬਾ ਹੈ। ਜਿਸ ਸਦਕਾ ਉਸਦੀ ਰਚਨਾ ਪੁਖਤਾ ਅਤੇ ਰੌਚਿਕ ਬਣ ਜਾਂਦੀ ਹੈ। ਬਾਲ ਸਾਹਿਤ ਦੇ ਖੇਤਰ ਵਿਚ ਕਵਿਤਾਵਾਂ ਅਤੇ ਕਹਾਣੀਆਂ ਦੀ ਰਚਨਾ ਵਿਚ ਜੁਟਿਆ ਰਹਿੰਦਾ ਹੈ। ਉਸ ਕੋਲ ਚੋਖਾ ਸ਼ਬਦ ਭੰਡਾਰ ਹੈ ਜਿਸ ਕਰਕੇ ਰਚਨਾ ਨੂੰ ਨਵੇਂ ਨਿਵੇਕਲੇ ਅਤੇ ਕੋਮਲ ਸ਼ਬਦਾਂ ਅਤੇ ਮੁਹਾਵਰਿਆਂ ਨਾਲ ਸ਼ਿੰਗਾਰਦਾ ਰਹਿੰਦਾ ਹੈ। ਉਸਦੀ ਹਰ ਰਚਨਾ ਵਿਚੋਂ ਬਾਲ ਸਾਹਿਤ ਦੀ ਪ੍ਰੀਤ ਨਜ਼ਰੀ ਪੈਂਦੀ ਹੈ। ਜਿਸ ਕਰਕੇ ਬਾਲ ਪਾਠਕ ਇਸ ਮਹਿਕ ਕਰਕੇ ਰਚਨਾਵਾਂ ਵੱਲ ਆਕਰਸ਼ਿਤ ਹੁੰਦੇ ਰਹਿੰਦੇ ਹਨ। ਵਿਚਾਰ ਅਧੀਨ ਪੁਸਤਕ 'ਬੱਚਿਆਂ ਦਾ ਪ੍ਰਣ' ਵਿਚ ਲੇਖਕ ਨੇ ਆਪਣੀਆਂ 25 ਕਵਿਤਾਵਾਂ ਅਤੇ ਦਸ ਬਾਲ ਕਹਾਣੀਆਂ ਦਰਜ ਕੀਤੀਆਂ ਹਨ। ਇਹ ਕਵਿਤਾਵਾਂ ਬਾਲ ਮਨਾਂ ਦੇ ਹਾਣੀ ਦੀਆਂ ਹੋਣ ਕਰਕੇ ਉਹਨਾਂ ਅੰਦਰ ਨਵੇਂ ਸੁਪਨੇ ਸਿਰਜਦੀਆਂ ਹਨ। ਇਹਨਾਂ ਦੇ ਵਿਸ਼ੇ ਵੀ ਬਾਲ ਮਨ ਦੇ ਹਾਣੀ ਹਨ। ਜਿਵੇ ਕਾਂ ਤੇ ਲੂੰਬੜੀ ,ਸ਼ਾਨ ਨਿਰਾਲੀ,ਅੱਖਾਂ ਅਨਮੋਲ,ਅਨਮੋਲ ਬੱਚੇ,ਇਕ ਚਿੜੀ ,ਸਾਡੀ ਮਾਣੋ ਬਿੱਲੀ,ਮਾਂ ਦਾ ਪਿਆਰ ,ਪਿਆਸਾ ਕਾਂ,ਆਈ ਰੇਲ,ਇਕ ਦੂਣੀ ਦੂਣੀ ਆਦਿ ਬੜੇ ਦਿਲਚਸਪ ਹਨ। ਕਹਾਣੀਆਂ ਦੇ ਨਾਮ ਜੁਗਤੀ ਚੂਹੇ ,ਲੱਡੂ ਦੀ ਤੀਵੀਂ ,ਬੱਚਿਆਂ ਦਾ ਪ੍ਰਣ ਅਤੇ ਮਿੱਠਾ ਫ਼ਲ ਆਦਿ ਬੜੇ ਪ੍ਰਭਾਵਸ਼ਾਲੀ ਅਤੇ ਬਾਲ ਮਨ ਨੂੰ ਪ੍ਰਭਾਵਿਤ ਕਰਨ ਵਾਲੇ ਹਨ। ਇਹਨਾਂ ਰਾਹੀਂ ਬੱਚਿਆਂ ਨੂੰ ਆਪਣੇ ਅੰਦਰ ਝਾਤੀ ਮਾਰਨ ਦਾ ਮੌਕਾ ਮਿਲਦਾ ਹੈ। ਜਿਸ ਕਰਕੇ ਉਹ ਨਵੀਆਂ ਨਰੋਈਆਂ ਕਦਰਾਂ ਕੀਮਤਾਂ ਨੂੰ ਅਪਣਾਉਣ ਲਈ ਤਿਆਰ ਹੋ ਜਾਂਦੇ ਹਨ। ਇੰਜ ਇਹ ਪੁਸਤਕ ਪਾਠਕਾਂ ਨੂੰ ਭਰਪੂਰ ਮਨੋਰੰਜਨ ਅਤੇ ਸਿੱਖਿਆ ਪ੍ਰਦਾਨ ਕਰਦੀ ਹੈ। ਕਿੰਨਾ ਚੰਗਾ ਹੁੰਦਾ ਜੇਕਰ ਇਹਨਾਂ ਰਚਨਾਵਾਂ ਨਾਲ ਚਿੱਤਰ ਛਾਪੇ ਜਾਂਦੇ। ਪਾਠਕਾਂ ਲਈ ਇਹ ਇਕ ਪ੍ਰੇਰਨਾਦਾਇਕ ਪੁਸਤਕ ਹੈ।

ਪ੍ਰਦੀਪ ਸਲੇਮਪੁਰੀ

ਪਵਨ ਹਰਚੰਦਪੁਰੀ
93170-34024

ਏਲੀਅਨਜ਼ ਦੀ ਧਰਤੀ 'ਤੇ

6

ਤਿੰਨਾਂ ਵੱਲੋਂ ਹੀ ਘਰ ਪਹੁੰਚ ਕੇ, ਆਪਣੇ ਆਪਣੇ ਮਾਤਾ-ਪਿਤਾ ਜੀ ਨੂੰ ਮਾਸਟਰ ਜੀ ਨਾਲ ਹੋਈਆਂ ਗੱਲਾਂ ਨੂੰ ਸਾਂਝਾ ਕਰਦਿਆਂ, ਉਹਨਾਂ ਨੂੰ ਦੂਸਰੇ ਦਿਨ ਦੀ ਮੀਟਿੰਗ ਵਿੱਚ ਸ਼ਾਮਿਲ ਹੋਣ ਲਈ ਬੇਨਤੀ ਕੀਤੀ, ਜਿਸ ਉੱਪਰ ਸਾਰਿਆਂ ਵੱਲੋਂ ਸਹਿਮਤੀ ਪ੍ਰਗਟਾਈ ਗਈ। ਪਰ ਉਹ ਸਾਰੇ ਹੀ ਬੱਚਿਆਂ ਦੀ ਛੋਟੀ ਉਮਰ ਨਾਲ ਝਿਜਕਦੇ ਜ਼ਰੂਰ ਸਨ, ਪਰ ਉਹਨਾਂ ਨੂੰ ਇਨ੍ਹਾਂ ਦੀ ਦ੍ਰਿੜਤਾ, ਭਰਪੂਰ ਇਰਾਦੇ, ਹੌਂਸਲੇ ਅਤੇ ਇਹਨਾਂ ਦੀ ਵਿਗਿਆਨਕ ਸਮਝ ਉੱਤੇ ਵੀ ਪੂਰਨ ਵਿਸ਼ਵਾਸ ਸੀ। ਤਿੰਨਾਂ ਅੰਦਰ ਕੁੱਝ ਕਰਨ ਗੁਜ਼ਰਨ ਦੀ ਦ੍ਰਿੜਤਾ ਤੇ ਮਨਾਂ ਵਿੱਚ ਪੈਦਾ ਹੋਈ ਵਿਸ਼ਾਲ ਸੂਝ ਕਾਰਨ, ਉਹਨਾਂ ਦੇ ਮਾਪੇ ਵੀ ਉਹਨਾਂ ਦਾ ਖ਼ੂਬ ਹੌਂਸਲਾ ਵਧਾਉਣ ਲੱਗ ਪਏ ਸਨ। ਖੈਰ ! ਇਸ ਵਿੱਚ ਕੋਈ ਦੋ ਰਾਇ ਨਹੀਂ ਸੀ ਕਿ ਤਿੰਨੇ ਹੀ ਬੱਚੇ ਆਪਣੇ ਸੁਨਹਿਰੀ ਭਵਿੱਖ ਲਈ ਇਸ ਖੇਤਰ ਵਿੱਚ ਕੁਝ ਵੀ ਔਖੇ ਤੋਂ ਔਖਾ ਕਰਨ ਨੂੰ ਤਿਆਰ ਸਨ। ਦੁਨੀਆ ਅਤੇ ਭਾਰਤ ਅੰਦਰਲੀਆਂ ਪੁਲਾੜ ਮੁਹਿੰਮਾਂ ਵੀ ਇਸ ਕਾਰਜ ਲਈ ਉਹਨਾਂ ਦਾ ਅਤੇ ਉਹਨਾਂ ਦੇ ਮਾਪਿਆਂ ਦਾ ਹੌਂਸਲਾ ਵਧਾਉਂਦੀਆਂ ਹਨ। ਉਂਝ ਉਸ ਸਮੇਂ ਤੱਕ ਦੁਨੀਆ ਦੇ ਕਈ ਮੁਲਕਾਂ ਵਲੋਂ ਇਕੱਲਿਆਂ-ਇਕੱਲਿਆਂ ਅਤੇ ਸਾਂਝੇ ਤੌਰ ਤੇ ਚਲਾਏ ਪੁਲਾੜੀ ਮਿਸ਼ਨ ਅਤੇ ਉਹਨਾਂ ਵੱਲੋਂ ਕੀਤੇ ਗਏ ਨਵੇਂ-ਨਵੇਂ ਤਜ਼ਰਬੇ ਦੀ ਭਵਿੱਖ ਲਈ ਮਾਰਗ ਦਰਸ਼ਕ ਬਣ ਚੁੱਕੇ ਸਨ। ਪਹਿਲੇ ਪੁਲਾੜ ਯਾਤਰੀਆਂ ਨੂੰ ਪੁਲਾੜ ਵਿੱਚ ਪੇਸ਼ ਆਈਆਂ ਮੁਸ਼ਕਿਲਾਂ ਉੱਪਰ ਵੀ ਹੁਣ ਤੱਕ ਕਾਫੀ ਹੱਦ ਤੱਕ ਕਾਬੂ ਪਾਇਆ ਜਾ ਚੁੱਕਾ ਸੀ। ਇਹ ਸਭ ਜਾਣਕਾਰੀ ਸਾਰਿਆਂ ਲਈ ਧਰਵਾਸ ਦੇਣ ਵਾਲੀ ਤੇ ਹੌਂਸਲਾ ਵਧਾਊ ਸੀ। ਉਹ ਸਾਰੇ ਹੀ ਮਾਸਟਰ ਨੇਕ ਚੰਦ ਦੇ ਨੇਕ ਇਰਾਦਿਆਂ ਅਤੇ ਉਸਦੀ ਕਾਬਲੀਅਤ ਅਤੇ ਸੂਝ-ਬੂਝ ਵਿੱਚ ਵੀ ਪੂਰਾ ਵਿਸ਼ਵਾਸ ਰੱਖਦੇ ਹਨ। ਇਥੇ ਹੀ ਬਸ ਨਹੀਂ, ਉਹ ਪ੍ਰਿੰਸੀਪਲ ਡਾ. ਅਵਤਾਰ ਸਿੰਘ ਦੇ ਉੱਚ-ਵਿਚਾਰਾਂ ਦੇ ਵੀ ਕਾਇਲ ਸਨ। ਸਕੂਲ ਵਿੱਚ ਹੀ ਅਜਿਹੇ ਸਰਬ-ਪੱਖੀ ਚੰਗੇ



ਹਾਲਾਤਾਂ ਦਾ ਬਣ ਜਾਣਾ ਉਹਨਾਂ ਦੇ ਮਾਪਿਆਂ ਨੇ ਇਸ ਨਿਵੇਕਲੇ ਬਾਲ ਪੁਲਾੜ ਮਿਸ਼ਨ ਦੀ ਸਫ਼ਲਤਾ ਲਈ ਹੋਣ ਵਾਲੀ ਪਹਿਲੀ ਮੀਟਿੰਗ ਵਿੱਚ ਸ਼ਾਮਿਲ ਹੋਣ ਲਈ ਆਪਣਾ ਫ਼ੈਸਲਾ ਕਰ ਹੀ ਲਿਆ ਸੀ ।

ਫਿਰ ਦੂਜੇ ਦਿਨ ਸਾਰੇ ਜਣੇ ਮਿੱਥੇ ਸਮੇਂ ਅਨੁਸਾਰ ਅਕਾਸ਼ ਦੇ ਘਰ ਜਾ ਪਹੁੰਚੇ ਸਨ। ਉਸਦੇ ਮਾਂ-ਪਿਓ ਨੇ ਜਿੱਥੇ ਉਨ੍ਹਾਂ ਸਾਰਿਆਂ ਨੂੰ 'ਜੀ ਆਇਆਂ ਨੂੰ' ਕਿਹਾ, ਉਥੇ ਉਨ੍ਹਾਂ ਨੇ ਬੜੇ ਹੀ ਅਦਬ ਤੇ ਸਤਿਕਾਰ ਨਾਲ ਸਾਰਿਆਂ ਨੂੰ ਬੈਠਣ ਲਈ ਕਿਹਾ । ਹੁਣ ਤੱਕ ਉਨ੍ਹਾਂ ਸਾਰਿਆਂ ਦੇ ਦਿਲਾਂ ਅੰਦਰ ਨਵੇਂ ਮਿਸ਼ਨ ਦੀ ਸਫ਼ਲਤਾ ਲਈ ਇੱਕ ਨਵਾਂ ਉਤਸ਼ਾਹ ਪੈਦਾ ਹੋ ਚੁੱਕਿਆ ਸੀ। ਇੰਝ ਜਾਪਦਾ ਸੀ ਜਿਵੇਂ ਮਾਸਟਰ ਨੇਕ ਚੰਦ ਦੀ ਉਡੀਕ 'ਚ ਬੈਠਿਆਂ, ਉਸ ਲਈ ਸਾਰਿਆਂ ਦੇ ਮਨਾਂ ਅੰਦਰ ਇੱਕ ਨਿੱਘ ਅਤੇ ਪਿਆਰ ਮੋਹ ਛਲਕਦਾ ਹੋਵੇ । ਫਿਰ ਮਾਸਟਰ ਜੀ ਦੇ ਉਥੇ ਪਹੁੰਚਣ ਤੇ ਸਾਰਿਆਂ ਨੇ ਆਪਣਾ ਉਹਨਾਂ ਲਈ ਪਿਆਰ ਜਤਾਇਆ ਤੇ ਰਸਮੀ ਮੇਲ-ਜੋਲ ਤੋਂ ਤੁਰੰਤ ਪਿੱਛੋਂ ਵਿਚਾਰ-ਵਟਾਂਦਰਾ ਸ਼ੁਰੂ ਕੀਤਾ ਗਿਆ। ਅਸਲ ਵਿੱਚ ਹੁਣ ਤੱਕ ਮਾਸਟਰ ਜੀ ਹੀ ਇਸ ਮਿਸ਼ਨ ਦੇ ਮੁੱਖ ਸੂਤਰਧਾਰ (ਪ੍ਰਬੰਧਕ) ਬਣ ਚੁੱਕੇ ਸਨ। ਗੱਲਬਾਤ ਸ਼ੁਰੂ ਕਰਦਿਆਂ ਉਹਨਾਂ ਇਸ ਮਿਸ਼ਨ ਦੀ ਰੂਪ-ਰੇਖਾ ਨੂੰ ਸਾਰਿਆਂ ਦੇ ਸਾਹਮਣੇ ਇੱਕ ਨਕਸ਼ਾਨੁਮਾ ਤਸਵੀਰ ਬਣਾ ਕੇ ਪੇਸ਼ ਕੀਤਾ, ਤਿੰਨਾਂ

ਬੱਚਿਆਂ ਦੇ ਦ੍ਰਿੜ ਇਰਾਦਿਆਂ ਅਤੇ ਉਹਨਾਂ ਦੀ ਪਰਪੱਕ ਸਮਝ ਬਾਰੇ ਵੀ ਸਭ ਨੂੰ ਜਾਣੂ ਕਰਵਾਇਆ। ਏਥੇ ਹੀ ਬਸ ਨਹੀਂ ਸਗੋਂ ਉਸਨੇ ਬੱਚਿਆਂ ਦੇ ਮਾਪਿਆਂ ਨੂੰ ਵੀ ਇਸ ਮਿਸ਼ਨ ਵਿੱਚ ਹਿੱਸਾ ਪਾਉਣ ਲਈ ਖੂਬ ਪ੍ਰੇਰਿਆ ਤਾਂ ਕਿ ਦੁਨੀਆਂ ਦੇ, ਇਸ ਤਰ੍ਹਾਂ ਦੇ ਪਹਿਲੇ ਬਾਲ ਪੁਲਾੜ ਮਿਸ਼ਨ ਨੂੰ ਸਫ਼ਲ ਬਣਾਇਆ ਜਾ ਸਕੇ। ਮਾਸਟਰ ਜੀ ਨੇ ਤਮੰਨਾ ਦੇ ਮਾਪਿਆਂ ਨੂੰ ਦੱਸਿਆ ਕਿ ਤੁਸੀਂ ਮਕੈਨੀਕਲ ਇੰਜੀਨੀਅਰਿੰਗ ਅਤੇ ਜੀਵ-ਵਿਗਿਆਨ ਸਬੰਧੀ ਤਿੰਨਾਂ ਬੱਚਿਆਂ ਨੂੰ ਜਾਣਕਾਰੀ ਦੇ ਸਕਦੇ ਹੋ। ਉਹਨਾਂ ਗਗਨ ਦੇ ਮਾਤਾ-ਪਿਤਾ ਨੂੰ ਕਿਹਾ ਕਿ ਤੁਸੀਂ ਮੈਡੀਕਲ ਸਾਇੰਸ ਅਤੇ ਧੁਨੀ ਵਿਗਿਆਨ ਖੇਤਰ ਵਿੱਚ ਸਾਰੇ ਬੱਚਿਆਂ ਦੇ ਗਿਆਨ ਵਿੱਚ ਵਾਧਾ ਕਰ ਸਕਦੇ ਹੋ। ਇਸੇ ਤਰ੍ਹਾਂ ਹੀ ਨੇਕ ਚੰਦ ਜੀ ਨੇ ਅਕਾਸ਼ ਦੇ ਮਾਤਾ-ਪਿਤਾ ਨੂੰ ਕਿਹਾ ਕਿ ਤੁਸੀਂ ਇਸੇ ਹੀ ਖੇਤਰ ਵਿੱਚ ਕਾਰਜ ਕਰਦਿਆਂ ਹੋਣ ਕਾਰਨ, ਬੱਚਿਆਂ ਨੂੰ ਪੁਲਾੜ ਵਿਗਿਆਨ ਬਾਰੇ ਵਿਆਖਿਆ ਸਹਿਤ ਸਮਝਾ ਸਕਦੇ ਹੋ ਕਿਉਂਕਿ ਇਸ ਮਿਸ਼ਨ ਲਈ (ਐਰੋਨਿਉਟਿਕ) ਪੁਲਾੜ ਵਿੱਚ ਉਡਣ ਸਬੰਧੀ ਵਿਗਿਆਨ ਅਤੇ ਪੁਲਾੜ ਵਿਗਿਆਨ ਦੀ ਜਾਣਕਾਰੀ ਦੀ ਬਹੁਤ ਹੀ ਮਹੱਤਤਾ ਹੈ।

ਤੇ ਫਿਰ ਗੱਲ ਨੂੰ ਅੱਗੇ ਤੋਰਦਿਆਂ ਅਕਾਸ਼ ਦੇ ਪਿਤਾ ਜੀ ਨੇ ਮਾਸਟਰ ਜੀ ਨੂੰ ਦੱਸਿਆ ਕਿ ਇਸ ਮਿਸ਼ਨ ਦੀ ਸ਼ੁਰੂਆਤ ਲਈ ਤੁਹਾਡੇ ਸਕੂਲ ਵੱਲੋਂ ਮਨਜ਼ੂਰੀ ਭਾਰਤ ਸਰਕਾਰ ਤੋਂ ਲੈਣੀ ਪਵੇਗੀ। ਇਸਦੇ ਨਾਲ ਹੀ ਇਸ ਕਾਰਜ ਲਈ ਇਸਰੋ ਦੇ ਮਹਾਂ-ਨਿਰਦੇਸ਼ਕ ਸ਼੍ਰੀ ਨਟਰਾਜਨ ਜੀ ਤੋਂ ਵੀ ਮਨਜ਼ੂਰੀ ਲੈਣੀ ਪਵੇਗੀ ਜੋ ਮੈਂ ਉਹਨਾਂ ਨਾਲ ਗੱਲ ਕਰਕੇ ਲੈ ਲਵਾਂਗਾ । ਅਕਾਸ਼ ਦੀ ਮਾਤਾ ਜੀ ਨੇ ਵੀ ਬੱਚਿਆਂ ਨੂੰ ਪੁਲਾੜ ਗੱਡੀਆਂ ਦੇ ਵੱਖ-ਵੱਖ ਮਾਡਲਾਂ ਬਾਰੇ ਵੀ ਜਾਣਕਾਰੀ ਦਿੱਤੀ। ਉਸਨੇ ਇਹ ਵੀ ਦੱਸਿਆ ਕਿ ਇਸਰੋ ਭਾਰਤੀ ਪੁਲਾੜ ਖੋਜ ਸੰਸਥਾ ਦੇ ਵਿਗਿਆਨੀਆਂ ਦੀ ਸ਼ਮੂਲੀਅਤ ਨਾਲ ਹੀ ਬਾਲ ਪੁਲਾੜ ਗੱਡੀ ਤਿਆਰ ਕੀਤੀ ਜਾ ਸਕੇਗੀ। ਇਸ ਪੁਲਾੜ ਮਿਸ਼ਨ ਦੀ ਪੂਰੀ ਜਾਣਕਾਰੀ ਲਿਖਤੀ ਰੂਪ ਵਿੱਚ ਪ੍ਰਧਾਨ ਮੰਤਰੀ ਦਫ਼ਤਰ ਨੂੰ ਵੀ ਦੇਣੀ ਹੋਵੇਗੀ। ਇਹਨਾਂ ਸਾਰਿਆਂ ਤੋਂ ਮਨਜ਼ੂਰੀ ਮਿਲਣ ਤੋਂ ਬਾਅਦ ਹੀ ਪੁਲਾੜ ਗੱਡੀ ਤਿਆਰ ਕਰਨ ਦੇ ਕੰਮ ਦਾ ਆਰੰਭ ਇਸਰੋ ਤਕਨੀਕੀ ਮਾਹਿਰਾਂ ਵੱਲੋਂ ਕੀਤਾ ਜਾਵੇਗਾ। ਗਗਨ ਦੇ ਪਿਤਾ ਜੀ ਨੇ ਦੱਸਿਆ ਕਿ ਪੁਲਾੜ ਯਾਤਰੀਆਂ ਦੀ ਖੁਰਾਕ ਵੀ ਆਮ ਵਰਗੀ ਨਹੀਂ ਹੁੰਦੀ। ਉਸਨੇ ਉਨ੍ਹਾਂ ਨੂੰ ਖੁਰਾਕ ਸਬੰਧੀ ਵਿਆਖਿਆ ਸਹਿਤ ਦੱਸਿਆ। ਗਗਨ ਦੀ ਮਾਤਾ ਨੇ ਤਾਂ ਉਹਨਾਂ ਨੂੰ ਵੱਖ-ਵੱਖ ਧੁਨੀਆਂ ਨੂੰ ਸਮਝਣ ਦੀ ਲੋੜ ਬਾਰੇ ਵੀ ਖੂਬ ਜਾਣਕਾਰੀ ਦਿੱਤੀ ਅਤੇ ਮਿਸ਼ਨ ਦੀ ਸਫ਼ਲਤਾ ਲਈ ਕੰਮ ਕਰਨ ਲਈ ਦ੍ਰਿੜਤਾ ਵੀ ਪ੍ਰਗਟਾਈ। ਇਸ ਨਾਲ ਤਮੰਨਾ, ਅਕਾਸ਼ ਅਤੇ ਗਗਨ ਦੇ ਹੌਂਸਲੇ ਹੋਰ ਵੀ ਦੁਗਣੇ ਹੋ ਗਏ ।

ਹੁਣ ਤਾਂ ਮਾਸਟਰ ਨੇਕ ਚੰਦ ਜੀ ਦੇ ਇਸ ਮਿਸ਼ਨ ਦੇ ਸਫ਼ਲਤਾ ਵੱਲ ਵੱਧਣ ਦੀ ਖੁਸ਼ੀ ਵਿੱਚ ਧਰਤੀ ਉੱਪਰ ਪੈਰ ਨਹੀਂ ਸੀ ਲੱਗਦੇ। ਉਸਨੇ ਅੱਜ ਦੇ ਇਸ ਫ਼ੈਸਲੇ ਨੂੰ ਮਿਸ਼ਨ ਦੀ ਸਫ਼ਲਤਾ ਲਈ ਦੂਜਾ ਮਹੱਤਵਪੂਰਨ ਕਦਮ ਕਰਾਰ ਦਿੰਦਿਆਂ, ਬੱਚਿਆਂ ਅਤੇ ਉਹਨਾਂ ਦੇ ਮਾਤਾ-ਪਿਤਾ ਨੂੰ ਬੱਚਿਆਂ ਦੀ ਲੋੜੀਂਦੀ ਟ੍ਰੇਨਿੰਗ ਬਾਰੇ ਵੀ ਜਾਣੂ ਕਰਵਾਇਆ। ਜਿਸ ਦੇ ਸਬੰਧ ਵਿੱਚ ਸਾਰਿਆਂ ਨੇ ਆਪਣੀ-ਆਪਣੀ ਸਹਿਮਤੀ ਪ੍ਰਗਟ ਕਰ ਦਿੱਤੀ। ਤਿੰਨਾਂ ਨੂੰ ਐਰੋਨਿਉਟ (ਪੁਲਾੜ) ਯਾਤਰੀ ਟ੍ਰੇਨਿੰਗ (ਸਿਖਲਾਈ) ਸੈਂਟਰ ਭੇਜਣ ਦਾ ਫ਼ੈਸਲਾ ਕੀਤਾ ਗਿਆ। ਉਪਰੋਕਤ ਫ਼ੈਸਲਿਆਂ ਤੋਂ ਬਾਅਦ ਹੀ ਪ੍ਰਿੰਸੀਪਲ ਡਾ. ਅਵਤਾਰ ਸਿੰਘ ਨੂੰ ਮੀਟਿੰਗ ਵਿੱਚ ਬੁਲਾਇਆ ਗਿਆ। ਮਾਸਟਰ ਜੀ ਵੱਲੋਂ ਡਾ. ਸਾਹਿਬ ਨੂੰ ਸਾਰੀ ਯੋਜਨਾ ਬਾਰੇ ਵਿਸਥਾਰ ਰੂਪ ਵਿੱਚ ਜਾਣਕਾਰੀ ਦਿੱਤੀ ਗਈ। ਜਿਸ ਨੂੰ ਸੁਣ ਕੇ ਉਹ ਬੇਹੱਦ ਖੁਸ਼ ਹੋਏ ਅਤੇ ਇਸ ਮਿਸ਼ਨ ਲਈ ਹਰ ਤਰ੍ਹਾਂ ਦੀ ਸਹਾਇਤਾ ਕਰਨ ਦਾ ਭਰੋਸਾ ਵੀ ਦਿੱਤਾ। ਉਸ ਨੇ ਦੱਸਿਆ ਕਿ ਇਸ ਮਿਸ਼ਨ ਦੀ ਸਫ਼ਲਤਾ ਨਾਲ ਨਾ ਸਿਰਫ਼ ਤਿੰਨਾਂ ਬੱਚਿਆਂ ਦਾ ਬਲਕਿ ਉਹਨਾਂ ਦੇ ਮਾਪਿਆਂ ਦਾ ਵੀ ਨਾਮ ਉੱਚਾ ਹੋਵੇਗਾ, ਸਗੋਂ ਸਾਡੇ ਸਕੂਲ ਅਤੇ ਅਧਿਆਪਕਾਂ ਦਾ ਵੀ ਨਾਮ ਉੱਚਾ ਹੋਵੇਗਾ। ਉਹਨਾਂ ਨੇ ਗਿਆਨ-ਵਿਗਿਆਨ ਸੰਮਤੀ ਦੇ ਮਾਧਿਅਮ ਰਾਹੀਂ ਭਾਰਤ ਸਰਕਾਰ ਤੋਂ ਇਸ ਮਿਸ਼ਨ (ਨਿਸ਼ਚਿਤ ਨਿਸ਼ਾਨੇ ਲਈ ਮੁਹਿੰਮ) ਲਈ ਮਨਜ਼ੂਰੀ ਪ੍ਰਾਪਤ ਕਰ ਲੈਣ ਦਾ ਵਾਅਦਾ ਵੀ ਕੀਤਾ। ਉਹਨਾਂ ਨੇ ਬੜੀ ਜ਼ਿੰਮੇਵਾਰੀ ਨਾਲ ਇਹ ਵੀ ਕਿਹਾ ਕਿ ਮੈਂ ਤਿੰਨਾਂ ਬੱਚਿਆਂ ਨੂੰ ਟ੍ਰੇਨਿੰਗ ਸੈਂਟਰ ਭੇਜਣ ਦਾ ਵੀ ਪ੍ਰਬੰਧ ਕਰਾਂਗਾ । (ਚਲਦਾ)